# ਸਭਿਆਚਾਰ , ਰਾਸ਼ਟਰਵਾਦ ਅਤੇ ਬੁੱਧੀਜੀਵੀਆਂ ਦੀ ਭੂਮਿਕਾ

(http://gillsatdeep.wordpress.com/)

– ਏਜਾਜ ਅਹਿਮਦ

ਪ੍ਰਸ਼ਨ : ਵਰਤਮਾਨ ਵਿੱਚ ਅਟਲਾਂਟਿਕ ਅਕਾਦਮੀ ਵਿੱਚ ਸਭਿਆਚਾਰਕ ਅਧਿਅਨ ਜਾਰੀ ਹੈ । ਹਾਲਾਂਕਿ ਕਈ ਸਿਖਿਆਵਿਦ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੀ ਸਭਿਆਚਾਰਕ ਆਲੋਚਨਾ ਖੁਦ ਆਪ ਕਾਫ਼ੀ ਖੰਡਨਾਤਮਕ ਹੈ , ਫਿਰ ਵੀ ਉਹ ਅਜਿਹੀ ਕਿਸੇ ਵੀ ਸਭਿਆਚਾਰਕ ਲੇਖਣੀ ਨੂੰ ਭੌਂਡਾ ਸਮਝਦੇ ਹਨ ਜੋ ਸਿਧਾਂਤ ਨੂੰ ਅਕਾਦਮੀ ਤੋਂ ਬਾਹਰ ਰਾਜਨੀਤਕ ਪ੍ਰਤੀਬੱਧਤਾ ਨਾਲ ਜੋੜਦੀ ਹੋਵੇ । ਇਸ ਤਰ੍ਹਾਂ ਉਦਾਹਰਣ ਦੇ ਲਈ , ਸਭਿਆਚਾਰਕ ਅਧਿਅਨ ਦੇ ਵਾਰ – ਵਾਰ ਹਵਾਲੇ ਦੇ ਤੌਰ ਤੇ ਵਰਤੇ ਜਾਣ ਵਾਲੇ ਦੋ ਮੌਲਿਕ ਕਾਢਕਾਰਾਂ , ਅੰਤੋਨੀਓ ਗ੍ਰੈਮਸਕੀ ਅਤੇ ਰੇਮੰਡ ਵਿਲੀਅਮਸ ਨੂੰ ਵੀ ਸਿਰਫ਼ ਸਭਿਆਚਾਰਕ ਚਿੰਤਕ ਬਣਾ ਦਿੱਤਾ ਜਾਂਦਾ ਹੈ ਹਾਲਾਂਕਿ ਦੋਨੋਂ ਹੀ ਰਾਜਨੀਤਕ ਨਜ਼ਰੀਏ ਦੇ ਤੌਰ ਤੇ ਸਰਗਰਮ ਬੁੱਧੀਜੀਵੀ ਹਨ । ਸਭਿਆਚਾਰਕ ਅਧਿਅਨ ਦੀ ਇਸ ਧਾਰਨਾ ਦੇ ਪ੍ਰਤੀ ਤੁਹਾਡਾ ਕੀ ਵਿਚਾਰ ਹੈ ?

ਅਹਿਮਦ : ਮੇਰੇ ਆਪਣੇ ਲੇਖ ਅਤੇ ਇੱਥੇ ਤੱਕ ਕਿ ਮੇਰੀ ਗੱਦਸ਼ੈਲੀ ਇਸ ਗੱਲ ਦੇ ਪ੍ਰਮਾਣ ਹਨ ਕਿ ਮਾਰਕਸਵਾਦ ਦੇ ਸਤਾਲਿਨਵਾਦੀ ਕਿਸਮ ਦੇ ਵਿਰੂਪਣ ਅਤੇ ਸਰਲੀਕਰਨ ਦੀ ਮੈਨੂੰ ਲੋੜ ਨਹੀਂ , ਜਿਸਨੂੰ ਆਮ ਤੌਰ ਤੇ ਭੌਂਡਾ ਕਿਹਾ ਜਾਂਦਾ ਹੈ । ਐਪਰ ਭੌਂਡੇਪਨ ਦੇ ਅਜੋਕੇ ਸਭਿਆਚਾਰਵਾਦੀ ਆਰੋਪਾਂ ਵਿੱਚ ਜੋ ਦਾਅ ਤੇ ਹੈ , ਵਾਸਤਵ ਵਿੱਚ ਉਹ ਨਹੀਂ ਹੈ । ਮੈਨੂੰ ਲੱਗਦਾ ਹੈ ਇਸ ਤਰ੍ਹਾਂ ਦੇ ਇਲਜ਼ਾਮ ਉਨ੍ਹਾਂ ਸਾਰਿਆਂ ਦੇ ਖਿਲਾਫ ਲਗਦੇ ਹਨ ਜੋ ਸਭਿਆਚਾਰ ਅਤੇ ਜਮਾਤ ਦੇ ਵਿੱਚ ; ਸਾਮਾਜਕ ਉਤਪੀੜਨ ਅਤੇ ਆਰਥਕ ਸ਼ੋਸ਼ਣ ਦੇ ਵਿੱਚ ; ਵਿਦਿਅਕ ਸੰਸਥਾਵਾਂ ਵਿੱਚ ਸਭਿਆਚਾਰਕ ਕਾਰਜ ਅਤੇ ਸੰਸਥਾਵਾਂ ਦੇ ਬਾਹਰ ਰਾਜਨੀਤਕ ਫਰਜ ਦੇ ਵਿੱਚ ; ਪੂੰਜੀਵਾਦੀ ਸਭਿਆਚਾਰ ਦੀ ਮੀਮਾਂਸਾ ਅਤੇ ਮਿਹਨਤਕਸ਼ ਜਮਾਤ ਦੀ ਕ੍ਰਾਂਤੀਵਾਦੀ ਰਾਜਨੀਤੀ ਦੇ ਅਰਥਾਂ ਵਿੱਚ ਸਮਾਜਵਾਦੀ ਤਬਦੀਲੀ ਦੇ ਪ੍ਰਤੀ ਪ੍ਰਤੀਬੱਧਤਾ ਦੇ ਵਿੱਚ ਇੱਕ ਪ੍ਰਤੱਖ ਅਤੇ ਸੰਗਤ ਸੰਬੰਧ ਸਥਾਪਤ ਕਰਦੇ ਹਨ । ਇਸ ਪ੍ਰਕਾਰ ਦੀਆਂ ਸਾਰੀਆਂ ਲਿਖਤਾਂ ਨੂੰ ਭੌਂਡਾ ਮੰਨ ਕੇ ਅਪ੍ਰਵਾਨ ਕਰਨ ਵਾਲੀ ਅਵਾਂਗਾਰਦੀ ਸਰਵਸੰਮਤੀ ਫ਼ਰਾਂਸ ਵਿੱਚ 1968 ਦੀ ਹਾਰ , ਗਾਲਿਸਟ ਪਾਰਟੀ ਦੀ ਸੱਤਾ ਵਿੱਚ ਵਾਪਸੀ , 1970 ਦੇ ਦਹਾਕੇ ਵਿੱਚ ਫਰਾਂਸੀਸੀ ਪੂੰਜੀਵਾਦ ਦੇ ਆਧੁਨਿਕੀਕਰਨ ਅਤੇ ਮਿਤਰਾਂ ਦੇ ਸ਼ਾਸਨ ਕਾਲ ਵਿੱਚ ਇਸ ਸਭ ਕੁਝ ਦੇ ਜਾਰੀ ਰਹਿਣ ਦੇ ਬਾਅਦ ਹਾਵੀ ਹੋ ਗਈ ਸੀ । ਸੰਯੁਕਤ ਰਾਜ ਅਮਰੀਕਾ ਵਿੱਚ ਸਭਿਆਚਾਰਕ ਅਧਿਅਨ ਦੀ ਕ੍ਰਾਂਤੀਵਾਦੀ ਮਾਰਕਸਵਾਦ ਅਤੇ ਮਿਹਨਤਕਸ਼ ਵਿਚਾਰ ਪਰੰਪਰਾਵਾਂ ਤੋਂ ਇਹ ਦੂਰੀ ਪਿਛਲੇ ਦੋ ਦਹਾਕਿਆਂ ਵਿੱਚ ਹੋਈ । ਇਸਦੇ ਕਾਰਨ ਕੁੱਝ ਹੱਦ ਤੱਕ ਕਮਿਊਨਿਜ਼ਮ – ਵਿਰੋਧੀ ਤਕੜੀਆਂ ਪਰੰਪਰਾਵਾਂ ਦਾ ਹੋਣਾ , ਕੁੱਝ ਪੈਰਿਸ ਦੇ ਵਿਚਾਰਾਂ ਦਾ ਆਯਾਤ ਅਤੇ ਭੋਰਾ ਕੁ ਤੌਰ ਤੇ 1960 ਦੇ ਦਹਾਕੇ ਦੇ ਖੱਬੇ ਪੱਖ ਦਾ ਅਗਲੇ ਦਹਾਕੇ ਵਿੱਚ ਪਤਨ ਹੋਣਾ ਆਦਿ ਸਨ । ਫਿਰ 1989 ਦੀ ਜਮਹੂਰੀ ਕ੍ਰਾਂਤੀ ਅਤੇ ਮੁਕਤੀ ਦਾ ਸਾਲ ਮਨਾਣ ਦੀ ਵਚਿੱਤਰ ਮੰਜੂਰੀ ਨੇ ਸਾਰਿਆਂ ਨੂੰ ਜਮਾਤੀ ਸੰਘਰਸ਼ ਦੀ ਗੰਵਾਰ ਸੱਚਾਈ ਦੀ ਗੱਲ ਕਰਨ ਵਾਲੀ ਹਰ ਚੀਜ ਨੂੰ ਭੌਂਡਾ ਕਹਿਕੇ ਖਾਰਿਜ ਕਰਨ ਦਾ ਅਧਿਕਾਰ ਪ੍ਰਦਾਨ ਕਰ ਦਿੱਤਾ।

ਇਸ ਮਾਹੌਲ ਵਿੱਚ ਕੁਦਰਤੀ ਹੈ ਕਿ ਗ੍ਰੈਮਸਕੀ ਦੇ ਵਿਚਾਰ ਨੂੰ ਇਸਦੇ ਕ੍ਰਾਂਤੀਵਾਦੀ ਇਲਜ਼ਾਮ ਤੋਂ ਅਜ਼ਾਦ ਕਰ ਦਿੱਤਾ ਜਾਵੇਗਾ ਅਤੇ ਸੰਯੁਕਤ ਰਾਜ ਵਿੱਚ ਉਸਨੂੰ ਮੈਥਿਊ ਆਰਨੋਲਡ ਅਤੇ ਜੂਲਿਅਨ ਟਿੱਕੇ ਦੀ ਤਰਜ ਉੱਤੇ ਸਭਿਆਚਾਰਕ ਆਲੋਚਕ ਦੇ ਤੌਰ ਤੇ ਪੇਸ਼ ਕੀਤਾ ਜਾਵੇ । ਇੱਥੇ ਤੱਕ ਕਿ ਏਡਵਰਡ ਸਈਦ ਤਾਂ ਗ੍ਰੈਮਸਕੀ ਦਾ ਜ਼ਹੂਰ ਸਿੱਧੇ ਕਰਾਸ ਤੋਂ ਦੱਸਦੇ ਹਨ ਜੋ ਕਿ ਇਹ ਕਹਿਣ ਦੇ ਸਮਾਨ ਹੈ ਕਿ ਮਾਰਕਸ ਕੋਈ ਮੀਮਾਂਸਾ ਪੇਸ਼ ਨਹੀਂ ਕਰਦੇ ਸਗੋਂ ਹੀਗਲ ਦੇ ਵਿਚਾਰਾਂ ਦੀ ਨਕਲ ਕਰਦੇ ਹਨ । ਅਤੇ ਧਿਆਨ ਰਹੇ ਇਹ ਉਹੀ ਕਰਾਸ ਹਨ ਜਿਨ੍ਹਾਂ ਨੇ 1924 ਦੀਆਂ ਚੋਣਾਂ ਵਿੱਚ ਫਾਸ਼ੀਵਾਦੀਆਂ ਦੇ ਪੱਖ ਵਿੱਚ ਸਰਗਰਮ ਅਭਿਆਨ ਚਲਾਇਆ ਸੀ । ਇਨ੍ਹਾਂ ਚੋਣਾਂ ਨੇ ਗ੍ਰੈਮਸਕੀ ਦੀ ਕਿਸਮਤ ਉੱਤੇ ਹਮੇਸ਼ਾ ਲਈ ਤਾਲਾ ਜੜ ਦਿੱਤਾ ਸੀ । ਇਹ ਕੋਈ ਨਹੀਂ ਕਹਿਣਾ ਚਾਹੁੰਦਾ ਕਿ ਸਭਿਆਚਾਰ ਬਾਰੇ ਗ੍ਰੈਮਸਕੀ ਦੇ ਵਿਚਾਰ ਇਸ ਤੱਥ ਤੋਂ ਵੱਖ ਨਹੀਂ ਕੀਤੇ ਜਾ ਸਕਦੇ ਕਿ ਉਹ ਪਹਿਲੇ ਵਿਸ਼ਵ ਯੁੱਧ ਦੇ ਬਾਅਦ ਯੂਰਪ ਵਿੱਚ ਹੋਈ ਸਭ ਤੋਂ ਵੱਡੀ ਪ੍ਰੋਲਤਾਰੀ ਬਗ਼ਾਵਤ ਦੇ ਕੇਂਦਰ ਵਿੱਚ ਸੀ ਜਾਂ ਇਹ ਸਭਿਆਚਾਰ ਦੀ ਸ਼੍ਰੇਣੀ ਨਹੀਂ ਸਗੋਂ ਇਤਾਲਵੀ ਕਮਿਉਨਿਸਟ ਅੰਦੋਲਨ ਦੀ ਰਣਨੀਤਕ ਦੁਵਿਧਾ ਹੈ ਜੋ ਪ੍ਰਿਜਨ ਨੋਟਬੁਕਸ ਦੇ ਰਚਣਹਾਰ ਨੂੰ ਲਾਜ਼ਮੀ ਏਕਤਾ ਪ੍ਰਦਾਨ ਕਰਦੀ ਹੈ । ਜੇਕਰ ਤੁਸੀਂ ਕਹੋਗੇ ਕਿ ਭੜਕੀਲੀਆਂ ਅਗਰਗਾਮੀ ਪੱਤਰਕਾਵਾਂ ਵਿੱਚ ਗ੍ਰੈਮਸਕੀ ਦੀ ਪ੍ਰਸ਼ੰਸਾ ਕਰਨ ਅਤੇ ਉਸਦੇ ਜੀਵਨ ਦੀ ਕੇਂਦਰੀ ਰਾਜਨੀਤਕ ਪ੍ਰਤੀਬੱਧਤਾ ਦੇ ਪ੍ਰਸ਼ਨ ਦਾ ਲੋਪ ਕਰਨ ਦੇ ਵਿੱਚ ਕੋਈ ਸੰਬੰਧ ਹੈ ਤਾਂ ਤੁਸੀਂ ਗੰਵਾਰ , ਨੈਤਿਕ – ਵਾਦੀ ਆਦਿ ਕਹੇ ਜਾਉਗੇ ।

ਰੇਮੰਡ ਵਿਲਿਅਮਸ ਦੀ ਤੁਲਣਾ ਗ੍ਰੈਮਸਕੀ ਨਾਲ ਪੂਰੀ ਤਰ੍ਹਾਂ ਨਹੀਂ ਕੀਤੀ ਜਾ ਸਕਦੀ । ਐਪਰ ਸਭਿਆਚਾਰਕ ਅਧਿਅਨ ਬਾਰੇ ਮੈਨੂੰ ਇੱਕ ਗੱਲ ਆਕਰਸ਼ਕ ਲੱਗਦੀ ਹੈ । ਇੰਗਲੈਂਡ ਵਿੱਚ ਸਭਿਆਚਾਰਕ ਅਧਿਅਨਾਂ ਦੀ ਸ਼ੁਰੁਆਤ ਮਿਹਨਤਕਸ਼ ਵਰਗ ਦੀਆਂ ਇੱਛਾਵਾਂ ਤੋਂ ਵੱਖ ਨਹੀਂ ਹੋਈ ਸੀ । ਆਮ ਤੌਰ ਤੇ ਉਨ੍ਹਾਂ ਦਾ ਸਰੋਕਾਰ ਇਸ ਗੱਲ ਨਾਲ ਸੀ ਕਿ ਸਮਾਜ ਦੇ ਵੰਚਿਤ ਲੋਕ , ਬੁਢੇ , ਨਿਰਧਨ , ਘਰੇਲੂ ਮਿਹਨਤਕਸ਼ ਅਤੇ ਘੱਟ ਤਨਖਾਹ ਉੱਤੇ ਕੰਮ ਕਰਨ ਵਾਲੀਆਂ ਮਹਿਲਾਵਾਂ , ਸਰਵਹਾਰਾ ਪੁਰਖ ਅਤੇ ਬੱਚੇ ਜੋ ਨਿਜੀ ਸਕੂਲਾਂ ਵਿੱਚ ਪੜ੍ਹਨ ਦਾ ਸੁਫਨਾ ਵੀ ਨਹੀਂ ਵੇਖ ਸਕਦੇ ਸਨ , ਕਿਸ ਪ੍ਰਕਾਰ ਉੱਚਵਰਗੀ ਸਭਿਆਚਾਰ ਦੇ ਦਬਾਵਾਂ ਅਤੇ ਆਪਣੇ ਜੀਵਨ ਦੇ ਸਭਿਆਚਾਰਕ ਮੁੱਲਾਂ ਦੇ ਵਿੱਚ ਫਸ ਜਾਂਦੇ ਹਨ । ਸ਼ੁਰੂ ਵਿੱਚ ਵਿਲਿਅਮਸ ਨੇ ਜਿਸ ਤਰ੍ਹਾਂ ਆਪਣੀ ਪਰਿਯੋਜਨਾ ਦੀ ਕਲਪਨਾ ਕੀਤੀ , ਉਹ ਕਾਫ਼ੀ ਹੱਦ ਤੱਕ ਬਾਲਗ ਸਿੱਖਿਆ ਦੇ ਖੇਤਰ ਵਿੱਚ ਉਸਦੇ ਕਾਰਜ ਅਤੇ ਸਮਾਜਵਾਦੀ ਅਤੇ ਸ਼ਾਂਤੀ ਅੰਦੋਲਨਾਂ ਵਿੱਚ ਉਸਦੀ ਭਾਗੀਦਾਰੀ ਦੇ ਕਾਰਨ ਸੀ । ਬਰਮਿੰਘਮ ਯੂਨੀਵਰਸਿਟੀ ( ਸਮਕਾਲੀ ਸਭਿਆਚਾਰਕ ਅਧਿਅਨ ਦਾ ਕੇਂਦਰ ) ਦੇ ਸਿਖਿਆਵਿਦ ਸ਼ੁਰੂ ਵਿੱਚ ਇਸ ਪ੍ਰਕਾਰ ਦੇ ਵਿਚਾਰ ਲੈ ਕੇ ਬਾਹਰ ਆਏ । ਇਹ ਤਾਂ ਬਾਅਦ ਵਿੱਚ ਉਨ੍ਹਾਂ ਵਿਚੋਂ ਕੁੱਝ ਫਰਾਂਸੀਸੀ ਉੱਤਰ – ਸੰਰਚਨਾਵਾਦ ਦੀ ਹਨੇਰੀ ਵਿੱਚ ਵਹਿ ਗਏ ਕਿਉਂਕਿ ਇਹ ਹਨੇਰੀ ਬ੍ਰਿਟਿਸ਼ ਪ੍ਰਾਯਦੀਪ ਨੂੰ ਆਪਣੇ ਨਾਲ ਉੱਡਾ ਕੇ ਲੈ ਗਈ । ਬ੍ਰਿਟਿਸ਼ ਸਭਿਆਚਾਰਕ ਅਧਿਅਨ ਦੇ ਖੇਤਰ ਵਿੱਚ ਹੁਣ ਜੋ ਵੀ ਕਾਰਜ ਕੀਤੇ ਜਾ ਰਹੇ ਹਨ ਮੈਨੂੰ ਲੱਗਦਾ ਹੈ ਉਨ੍ਹਾਂ ਵਿਚੋਂ ਬਹੁਤੇ ਉਨ੍ਹਾਂ ਪਹਿਲਾਂ ਦੀਆਂ ਪ੍ਰਤੀਬੱਧਤਾਵਾਂ ਅਤੇ ਬਾਅਦ ਦੀ ਦੁਰਬੋਧਤਾ ਦੇ ਵਿੱਚ ਵੰਡੇ ਜਾ ਰਹੇ ਹੋਣ ।

ਸਭਿਆਚਾਰਕ ਅਧਿਅਨ ਜਿਸ ਸਮੇਂ ਸੰਯੁਕਤ ਰਾਜ ਪੁਜਿਆ , ਉਦੋਂ ਤੱਕ ਇਹ ਉਨ੍ਹਾਂ ਮੂਲ ਵਿਚਾਰਾਂ ਦੀ ਛਾਇਆ ਮਾਤਰ ਬਾਕੀ ਰਹਿ ਗਿਆ ਸੀ ਅਤੇ ਉਹ ਵੀ ਗਿਣੇ – ਚੁਣੇ ਲੇਖਾਂ ਵਿੱਚ ਹੀ । ਜ਼ਿਕਰਯੋਗ ਗੱਲ ਇਹ ਸੀ ਕਿ ਇਹ ਇੱਥੇ ਹੇਠਾਂ ਦੇ ਪੱਧਰ ਤੋਂ ਦਬਾਅ ਦੇ ਕਾਰਨ ਨਹੀਂ ਆਇਆ ਸਗੋਂ ਵਧੇਰੇ ਕਰਕੇ ਚੰਗੀ ਤਰ੍ਹਾਂ ਸਥਾਪਤ ਲੋਕਾਂ ਦੇ ਕਾਰਨ ਆਇਆ ।

ਉਦਾਹਰਣ ਲਈ ਸੰਯੁਕਤ ਰਾਜ ਵਿੱਚ ਬਲੈਕ ਸਾਹਿਤ ਨਾਗਰਿਕ ਅਧਿਕਾਰਾਂ ਸੰਬੰਧੀ ਅੰਦੋਲਨ ਅਤੇ ਬਲੈਕ ਸਭਿਆਚਾਰਕ ਰਾਸ਼ਟਰਵਾਦ ਦੇ ਕਾਰਨ ਹੋਏ ਬਗ਼ਾਵਤ ਦੇ ਸਿੱਟੇ ਵਜੋਂ ਇੱਕ ਗੰਭੀਰ ਵਿਦਿਅਕ ਵਿਸ਼ਾ ਬਣ ਗਿਆ ਸੀ । ਇਸਦੇ ਉਲਟ ਸਭਿਆਚਾਰਕ ਅਧਿਅਨ ਦੀ ਉਤਪੱਤੀ ਇੱਕ ਵਿਸ਼ਵਵਿਆਪੀ ਮਹਾਂਦੀਪੀ ਸਿਖਿਆਸ਼ਾਸਤਰ ਅਤੇ ਸ਼ੈਲੀ ਦੇ ਤੌਰ ਤੇ ਹੋਈ । ਇਸ ਹਾਲਤ ਵਿੱਚ ਵਿਲੀਅਮਸ ਨੂੰ ਆਮ ਤੌਰ ਤੇ ਬਹੁਤ ਗਿਣੇ – ਚੁਣੇ ਲੋਕ ਹੀ ਯਾਦ ਕਰਦੇ ਸਨ । ਦਰਅਸਲ ਹਾਲ ਵਿੱਚ ਤਾਂ ਵਿਲੀਅਮਸ ਹਰ ਪ੍ਰਕਾਰ ਦੇ ਹਾਸ ਵਿਅੰਗ ਦੇ ਪਾਤਰ ਬਣ ਗਏ ਹਨ ।

ਪ੍ਰਸ਼ਨ : ਤੁਹਾਡੀ ਬਹੁਤੀ ਸਭਿਆਚਾਰਕ ਲੇਖਣੀ ਦਾ ਸਰੋਕਾਰ ਸਾਹਿਤ ਅਤੇ ਤੀਜੀ ਦੁਨੀਆਂ ਦੀਆਂ ਹੋਰ ਸਭਿਆਚਾਰਕ ਕਲਾਕ੍ਰਿਤੀਆਂ ਨਾਲ ਹੈ । ਫਿਰ ਵੀ ਤੁਸੀਂ ਤੀਜੀ ਦੁਨੀਆਂ ਦੇ ਸਭਿਆਚਾਰ ਦੇ ਵਿਚਾਰ ਅਤੇ ਪੱਛਮੀ ਵਿਚਾਰਧਾਰਾ ਦੁਆਰਾ ਸਮਾਹਿਤ ਅਤੇ ਪ੍ਰਕ੍ਰਿਤੀਸਥ ਤਥਾਕਥਿਤ ਤੀਜੀ ਦੁਨੀਆਂ ਦੀਆਂ ਸਭਿਆਚਾਰਕ ਕਲਾਕ੍ਰਿਤੀਆਂ ਦੀ ਖੰਡਨਾਤਮਕ ਸ਼ਕਤੀ ਬਾਰੇ ਸ਼ੱਕ ਵਿਅਕਤ ਕੀਤਾ ਹੈ । ਕਿਉਂ ?

ਅਹਿਮਦ : ਮੈਂ ਤੁਹਾਡੇ ਪ੍ਰਸ਼ਨ ਦੇ ਆਧਾਰ – ਵਾਕ ਨਾਲ ਹੀ ਸਹਿਮਤ ਨਹੀਂ ਹਾਂ । ਕਿਉਂਕਿ ਪਹਿਲੀ ਗੱਲ ਤਾਂ ਤੀਜੀ ਦੁਨੀਆਂ ਦੇ ਸਭਿਆਚਾਰ ਦੇ ਵਿਚਾਰ ਬਾਰੇ ਮੈਨੂੰ ਜਿੰਨਾ ਸ਼ੱਕ ਹੈ , ਪੱਛਮੀ ਵਿਚਾਰਧਾਰਾ ਦੀ ਧਾਰਨਾ ਦੇ ਪ੍ਰਤੀ ਉਸ ਤੋਂ ਘੱਟ ਸ਼ੱਕ ਨਹੀਂ ਹੈ । ਤੀਜੀ ਦੁਨੀਆਂ ਦੀ ਧਾਰਨਾ ਦੇ ਸਮਾਨ ਹੀ ਤਥਾਕਥਿਤ ਪੱਛਮ ਵੀ ਕੁਦਰਤੀ ਤੌਰ ਤੇ ਇੱਕ ਬਹੁਤ ਹੀ ਬੇਤੁਕੀ ਗੱਲ ਹੈ । ਇੱਥੇ ਤੱਕ ਕਿ ਇੱਕ ਰਾਸ਼ਟਰ ਵਿਸ਼ੇਸ਼ ਦੀ ਵੀ ਇੱਕ ਹੀ ਵਿਚਾਰਧਾਰਾ ਜਾਂ ਇੱਕ ਹੀ ਸਭਿਆਚਾਰ ਹੋਵੇ , ਅਜਿਹਾ ਨਹੀਂ ਹੋ ਸਕਦਾ । ਮੈਨੂੰ ਲੱਗਦਾ ਹੈ ਹਰ ਇੱਕ ਦੇਸ਼ ਵਿਚਾਰਧਾਰਾਤਮਕ ਅਤੇ ਸਭਿਆਚਾਰਕ ਕੰਪੀਟੀਸ਼ਨ ਦਾ ਇੱਕ ਸਮੂਹ ਹੈ । ਮੈਂ ਇਹ ਵੀ ਕਿਹਾ ਹੈ ਕਿ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਇੱਕ ਦੂਜੇ ਦੀਆਂ ਸਭਿਆਚਾਰਕ ਕਲਾਕ੍ਰਿਤੀਆਂ ਤੱਕ ਸ਼ਾਇਦ ਬਹੁਤ ਹੀ ਘੱਟ ਪ੍ਰਤੱਖ ਪਹੁੰਚ ਹੈ । ਉਦਾਹਰਣ ਦੇ ਲਈ , ਭਾਰਤੀ ਲਾਤੀਨੀ ਅਮਰੀਕੀ ਨਾਵਲਾਂ ਦਾ ਆਯਾਤ ਨਹੀਂ ਕਰਦੇ । ਅਸੀਂ ਕੇਵਲ ਉਨ੍ਹਾਂ ਲਾਤੀਨੀ ਅਮਰੀਕੀ ਨਾਵਲਾਂ ਨੂੰ ਪੜ੍ਹਦੇ ਹਾਂ ਜੋ ਲੰਦਨ ਜਾਂ ਨਿਊਯਾਰਕ ਵਰਗੇ ਸਥਾਨਾਂ ਉੱਤੇ ਅੰਗਰੇਜ਼ੀ ਵਿੱਚ ਅਨੁਵਾਦ ਹੋ ਕੇ ਪ੍ਰਕਾਸ਼ਿਤ ਹੁੰਦੇ ਹਨ । ਇਸ ਪ੍ਰਕਾਰ ਦੇ ਨਾਵਲਾਂ ਦੇ ਆਲੋਚਨਾਤਮਕ ਅਧਿਅਨ ਲਈ ਇੱਕ ਭਾਰਤੀ ਲਾਤੀਨੀ ਅਮਰੀਕਾ ਬਾਰੇ ਪ੍ਰਤੀਕਾਤਮਕ ਤੌਰ ਤੇ ਵਿਦਵਤਾਪੂਰਣ ਸਾਮਗਰੀ ਦਾ ਅਧਿਅਨ ਕਰੇਗਾ ਜਿਸਦਾ ਪ੍ਰਕਾਸ਼ਨ ਵੀ ਅਟਲਾਂਟਿਕ ਜੋਨ ਤੋਂ ਹੁੰਦਾ ਹੈ । ਮੇਰਾ ਅਰਥ ਇਹ ਨਹੀਂ ਹੈ ਕਿ ਕੇਵਲ ਇੱਕ ਹੀ ਵਿਚਾਰਧਾਰਾ ਇਹ ਨਿਰਧਾਰਤ ਕਰਦੀ ਹੈ ਕਿ ਕਿਨ੍ਹਾਂ ਲਾਤੀਨੀ ਅਮਰੀਕੀ ਨਾਵਲਾਂ ਦਾ ਅਨੁਵਾਦ ਕੀਤਾ ਜਾਵੇਗਾ ਜਾਂ ਉਨ੍ਹਾਂ ਨੂੰ ਕਿਵੇਂ ਪੜ੍ਹਿਆ ਜਾਵੇਗਾ । ਐਪਰ ਮੇਰਾ ਆਸ਼ਾ ਇਹ ਜ਼ਰੂਰ ਹੈ ਕਿ ਇਸ ਪ੍ਰਕਾਰ ਦੇ ਨਾਵਲਾਂ ਬਾਰੇ ਸਾਡਾ ਗਿਆਨ ਬਹੁਤ ਜ਼ਿਆਦਾ ਅਸਿਧੇ ਸ੍ਰੋਤਾਂ ਤੋਂ ਲਿਆ ਹੋਵੇਗਾ , ਜੋ ਕਿ ਐਂਗਲੋ – ਅਮਰੀਕਨ ਵਿਸ਼ਵਵਿਦਿਆਲਿਆਂ ਅਤੇ ਪ੍ਰਕਾਸ਼ਨਾਂ ਵਿੱਚ ਇਕੱਤਰ ਗਿਆਨ ਸੰਕੁਲਾਂ ਦੁਆਰਾ ਨਿਰਧਾਰਤ ਹੋਵੇਗਾ ।

ਜਿੱਥੇ ਤੱਕ ਇਸ ਪ੍ਰਕਾਰ ਦੀਆਂ ਸਭਿਆਚਾਰਕ ਕਲਾਕ੍ਰਿਤੀਆਂ ਦੀ ਖੰਡਨਾਤਮਕ ਸ਼ਕਤੀ ਦਾ ਸੰਬੰਧ ਹੈ ਮੈਨੂੰ ਜਰਾ ਵੀ ਵਿਸ਼ਵਾਸ ਨਹੀਂ ਹੈ ਕਿ ਤੀਜੀ ਦੁਨੀਆਂ ਵਿੱਚ ਇਕੱਤਰ ਬਹੁਟੀਆਂ ਜਾਂ ਸਾਰੀਆਂ ਸਭਿਆਚਾਰਕ ਕਲਾਕ੍ਰਿਤੀਆਂ ਲਾਜ਼ਮੀ ਤੌਰ ਤੇ ਖੰਡਨਾਤਮਕ ਹਨ । ਕਿਸੇ ਵੀ ਇਸਤਰੀ ਤੋਂ ਪੁੱਛੋ , ਅਤੇ ਉਸਦਾ ਉੱਤਰ ਇਹੀ ਹੋਵੇਗਾ ਕਿ ਇਸ ਪ੍ਰਕਾਰ ਦੇ ਬਹੁਤੇ ਪਾਠ ਬਿਲਕੁਲ ਨਿਆਮਕ ਹਨ ਅਤੇ ਉਨ੍ਹਾਂ ਦੇ ਆਪਣੇ ਇਲਾਕਿਆਂ ਵਿੱਚ ਕਾਫ਼ੀ ਰੂੜ੍ਹੀਵਾਦੀ ਅਤੇ ਸਮਤਾ –

ਵਿਰੋਧੀ ਹਨ । ਉਦਾਹਰਣ ਲਈ ਟੈਗੋਰ ਦਾ ਕੋਈ ਨਾਵਲ ਸੰਯੁਕਤ ਰਾਜ ਵਿੱਚ ਤੀਜੀ ਦੁਨੀਆਂ ਤੋਂ ਆਈ ਕਿਤਾਬ ਦੇ ਤੌਰ ਤੇ ਪੜ੍ਹਾਇਆ ਜਾ ਸਕਦਾ ਹੈ । ਹਾਲਾਂਕਿ ਨਾਵਲ ਤੀਜੀ ਦੁਨੀਆਂ ਯਾਨੀ ਹਾਸ਼ਿਏ ( ਜਿਵੇਂ ਕਿ ਇਸਦੇ ਲਈ ਨਵਾਂ ਫੈਸ਼ਨੇਬਲ ਸ਼ਬਦ ਦਿੱਤਾ ਜਾਵੇਗਾ ) ਤੋਂ ਆਇਆ ਹੋਇਆ ਹੈ ਇਸ ਤਰ੍ਹਾਂ ਇਹ ਅੰਤਰਨਿਸ਼ਠ ਤੌਰ ਤੇ ਖੰਡਨਾਤਮਕ ਹੋਵੇਗਾ । ਐਪਰ ਭਾਰਤ ਵਿੱਚ ਟੈਗੋਰ ਇੱਕ ਬਹੁਤ ਵੱਡੀ ਪ੍ਰਭਾਵਸ਼ਾਲੀ ਸ਼ਖਸੀਅਤ ਹਨ ਇਸ ਲਈ ਉਨ੍ਹਾਂ ਦੇ ਨਾਵਲ ਨੂੰ ਸ਼ਾਇਦ ਹੀ ਖੰਡਨਾਤਮਕ ਮੰਨਿਆ ਜਾ ਸਕਦਾ ਹੈ । ਦੂਜੇ ਪਾਸੇ, ਹਾਂ ਪੱਛਮ ਨੂੰ ਜਾਣ ਵਾਲੀਆਂ ਤੀਜੀ ਦੁਨੀਆਂ ਦੀਆਂ ਕੁੱਝ ਸਭਿਆਚਾਰਕ ਕਲਾਕ੍ਰਿਤੀਆਂ ਦਾ ਵਿਸ਼ਾ ਵਸਤੂ ਖੰਡਨਾਤਮਕ ਹੁੰਦਾ ਹੈ ਜੋ ਪੱਛਮ ਦੇ ਪ੍ਰਬਲ ਸਭਿਆਚਾਰ ਦੀਆਂ ਅਧਿਅਨ ਸਾਮਗਰੀਆਂ ਵਿੱਚ ਸਵਾਂਗੀਕਰਨ ਦੀ ਪ੍ਰਕਿਰਿਆ ਵਿੱਚ ਜਾ ਕੇ ਮੁੱਕ ਜਾਂਦੀਆਂ ਹਨ। ਐਪਰ ਇਹ ਸਾਧਾਰਨੀਕਰਨ ਇਸ ਲਈ ਨਹੀਂ ਹੁੰਦਾ ਹੈ ਕਿ ਪੱਛਮੀ ਵਿਚਾਰਧਾਰਾ ਤੀਜੀ ਦੁਨੀਆਂ ਦੇ ਪਾਠ ਨੂੰ ( ਆਮ ਵਿਦੇਸ਼ ਪ੍ਰੇਮ ਤੋਂ ਵੱਖ ) ਕਿਸੇ ਵਿਸ਼ੇਸ਼ ਰੂਪ ਵਿੱਚ ਆਮ ਬਣਾਉਂਦੀ ਹੈ ਸਗੋਂ ਇਸ ਲਈ ਕਿ ਪੱਛਮੀ ਵਿਦਵਤਸਮਾਜ ਹਰ ਚੀਜ ਨੂੰ ਪਾਲਤੂ ਬਣਾਉਣਾ ਚਾਹੁੰਦਾ ਹੈ ਇੱਥੇ ਤੱਕ ਕਿ ਮਾਰਕਸ ਨੂੰ ਵੀ ।

ਪ੍ਰਸ਼ਨ : ਫਰੇਡਰਿਕ ਜੇਮਸਨ ਨੇ ਉੱਤਰਆਧੁਨਿਕਤਾਵਾਦ ਅਤੇ ਰਾਸ਼ਟਰਵਾਦ ਦੇ ਵਿੱਚ ਵਿਰੋਧ ਦੀ ਪ੍ਰਸਥਾਪਨਾ ਕੀਤੀ ਹੈ : ਉੱਤਰਆਧੁਨਿਕਤਾਵਾਦ ਨੂੰ ਵਿਕਸਿਤ ਦੁਨੀਆਂ ਵਿੱਚ ਹਾਲ ਦੇ ਪੂੰਜੀਵਾਦ ਦੇ ਸਭਿਆਚਾਰਕ ਤਰਕ ਦੇ ਤੌਰ ਤੇ ਅਤੇ ਰਾਸ਼ਟਰੀ ਰੂਪਕ ਨੂੰ ਤੀਜੀ ਦੁਨੀਆਂ ਦੇ ਰਾਸ਼ਟਰਵਾਦੀ ਪ੍ਰਤੀਰੋਧ ਦੇ ਸਭਿਆਚਾਰਕ ਤਰਕ ਦੇ ਤੌਰ ਤੇ । ਸਭਿਆਚਾਰਕ ਅਧਿਅਨ ਲਈ ਇਸ ਵਿਰੋਧ ਦੇ ਨਿਹਿਤਾਰਥ ਕੀ ਹਨ ?

ਅਹਿਮਦ : ਸਪੱਸ਼ਟ ਸ਼ਬਦਾਂ ਵਿੱਚ ਕਹਾਂ ਤਾਂ ਮੈਂ ਨਹੀਂ ਜਾਣਦਾ । ਜੇਮਸਨ ਦੀ ਕੁੱਝ ਹਾਲ ਦੀ ਲੇਖਣੀ ਨੂੰ ਮੈਂ ਪੜ੍ਹਿਆ ਹੈ ਜਿਸ ਤੋਂ ਲੱਗਦਾ ਹੈ ਕਿ ਹੁਣ ਉਨ੍ਹਾਂ ਦਾ ਵਿਚਾਰ ਉਹ ਨਹੀਂ ਹੈ , ਘੱਟ ਤੋਂ ਘੱਟ ਉਸ ਦੋਤਰਫਾ ( ਬਾਇਨਰੀ ) ਤੌਰ ਤੇ ਤਾਂ ਨਹੀਂ । ਹੁਣ ਉਹ ਸੰਸਾਰਿਕ ਪੱਧਰ ਉੱਤੇ ਉੱਤਰਆਧੁਨਿਕਤਾਵਾਦੀ ਸਭਿਆਚਾਰਕ ਤਰਕ ਦੇ ਪ੍ਰਗਟਾਉ ਦੀ ਮੈਪਿੰਗ ਵਿੱਚ ਵਿਅਸਤ ਹਨ। ਇਸ ਵਿੱਚ ਰਾਸ਼ਟਰਵਾਦ ਨੂੰ ਐਂਗਲੋ- ਅਮਰੀਕੀ ਵਿਦਵਤਸਮਾਜ ਵਿੱਚ ਬਹੁਤ ਜ਼ਿਆਦਾ ਅਨਾਦਰ ਨਾਲ ਵੇਖਿਆ ਜਾਂਦਾ ਹੈ ਐਪਰ ਇੰਨੇ ਸਹਿਜ ਤੌਰ ਤੇ ਕਿ ਮੈਂ ਆਪਣੇ ਆਪ ਨੂੰ ਬਹੁਤ ਕਠਿਨਾਈ ਵਿੱਚ ਪਾਉਂਦਾ ਹਾਂ । ਰਾਸ਼ਟਰਵਾਦ ਦੇ ਪ੍ਰਤੀ ਮੇਰਾ ਅਵਿਸ਼ਵਾਸ ਪੁਰਾਣਾ ਹੈ ਕਿਉਂਕਿ ਕਈ ਰਾਸ਼ਟਰਵਾਦੀ ਮੈਨੂੰ ਬਿਲਕੁਲ ਫਾਸ਼ੀਵਾਦੀ ਨਹੀਂ ਤਾਂ ਘੱਟ ਤੋਂ ਘੱਟ ਅੱਤਰਾਸ਼ਟਰਵਾਦੀ ਲੱਗਦੇ ਹਨ । ਐਪਰ ਹਰੇਕ ਰਾਸ਼ਟਰਵਾਦ ਦੀ ਸਿਰੇ ਤੋਂ ਨਿੰਦਿਆ ਕਰਨਾ ਸਾਮਰਾਜਵਾਦ ਦੇ ਪ੍ਰਸ਼ਨ ਨੂੰ ਅਣਗੌਲੇ ਕਰਨਾ ਹੈ । ਮੈਨੂੰ ਲੱਗਦਾ ਹੈ ਕਿ ਜੋ ਲੋਕ ਸਾਮਰਾਜਵਾਦ ਦੇ ਖਿਲਾਫ ਲੜ ਰਹੇ ਹਨ ਆਪਣੇ ਰਾਸ਼ਟਰਵਾਦ ਨੂੰ ਬਿਲਕੁਲ ਨਹੀਂ ਛੱਡ ਸਕਦੇ । ਉਨ੍ਹਾਂ ਨੂੰ ਇਸ ਤੋਂ ਗੁਜਰਨਾ ਪੈਣਾ ਹੈ , ਆਪਣੇ ਰਾਸ਼ਟਰ – ਰਾਜ ਨੂੰ ਪ੍ਰਭਾਵੀ ਤੌਰ ਤੇ ਬਦਲਣਾ ਹੈ ਫਿਰ ਦੂਜੇ ਪਾਸੇ ਪੁੱਜਣਾ ਹੈ । ਇੱਥੇ ਮੈਂ ਆਪਣੇ ਤੌਰ ਤੇ ਇਹ ਜੋੜਨਾ ਚਾਹਾਂਗਾ ਕਿ ਪੂਰਬ ਯੂਗੋਸਲਾਵੀਆ ਦੇ ਵੱਖ ਵੱਖ ਖੇਤਰਾਂ ਵਿੱਚ ਪੈਦਾ ਹੋਏ ਸਾਰੇ ਰਾਸ਼ਟਰਵਾਦਾਂ ਦੀ ਜ਼ਿਕਰਯੋਗ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਵਿੱਚ ਸਾਮਰਾਜਵਾਦ ਵਿਰੋਧੀ ਅੰਸ਼ ਨਹੀਂ ਹੈ । ਇਸ ਤੱਥ ਨੂੰ ਛਿਪਾਉਣ ਲਈ ਐਂਟੀ ਕਮਿਊਨਿਜ਼ਮ ਬਹੁਤ ਲਾਭਦਾਇਕ ਹੈ ।

ਸਭਿਆਚਾਰਕ ਅਧਿਅਨ ਲਈ ਇਸ ਸਭ ਦਾ ਕੀ ਅਰਥ ਹੈ ? ਮੈਨੂੰ ਲੱਗਦਾ ਤੁਸੀਂ ਜਿਸ ਦੋਤਰਫਾ ਵਿਰੋਧ ਦੀ ਗੱਲ ਕੀਤੀ ਹੈ , ਸਾਨੂੰ ਉਸ ਤੋਂ ਵੱਖ ਹੱਟਣਾ ਚਾਹੀਦਾ ਹੈ । ਅਸੀਂ ਸੁਹਜਾਤਮਕ ਉੱਤਰ ਆਧੁਨਿਕਤਾਵਾਦ ਨੂੰ ਇਸਦੇ ਭੂਮੰਡਲੀਕਰਨ ਦੇ ਪਲ ਵਿੱਚ ਉੱਤਰੀ ਅਮਰੀਕੀ ਸਭਿਆਚਾਰਕ ਸ਼ੈਲੀ ਮੰਨਣਾ ਹੋਵੇਗਾ । ਇਸ ਤਰ੍ਹਾਂ ਇਹ ਅਸਾਧ ਤੌਰ ਤੇ ਇੱਕ ਨਿਸ਼ਚਿਤ ਗਲਬਾਵਾਦੀ ਕੋਸ਼ਿਸ਼ ਨਾਲ ਜੁੜਿਆ ਹੈ ਜਿਸਦਾ ਆਧਾਰ ਸਾਮਰਾਜਵਾਦੀ ਹੈ । ਤੁਸੀਂ ਇਹਨਾਂ ਵਿਚੋਂ ਕੁੱਝ ਦੀ ਵਰਤੋਂ ਆਪਣੇ ਉਦੇਸ਼ਾਂ ਲਈ ਕਰ ਸਕਦੇ ਹੋ ਜਾਂ ਨਹੀਂ ਵੀ ਕਰ ਸਕਦੇ ; ਐਪਰ ਪਹਿਲੇ ਤੁਹਾਨੂੰ ਇਸ ਡੰਗਰ ਦੇ ਸੁਭਾ ਦੇ ਬਾਰੇ ਜਾਨਣਾ ਚਾਹੀਦਾ ਹੈ । ਇਸ ਵਿੱਚ ਰਾਸ਼ਟਰਵਾਦ ਨੂੰ ਉੱਤਰ ਆਧੁਨਿਕਤਾਵਾਦ ਦਾ ਸਿਰਫ਼ ਇੱਕ ਹੋਰ ਰੂਪ ਨਹੀਂ ਸਮਝਿਆ ਜਾ ਸਕਦਾ । ਜਿਵੇਂ ਕਿ ਮੈਂ ਕਿਹਾ ਕਿ ਸਾਡੇ ਇਰਦ – ਗਿਰਦ ਹਰ ਪ੍ਰਕਾਰ ਦੇ ਰਾਸ਼ਟਰਵਾਦ ਹਨ ਅਤੇ ਉਨ੍ਹਾਂ ਵਿਚੋਂ ਕਈ ਮਨੁੱਖ ਜਾਤੀ ਲਈ ਖ਼ਤਰਾ ਹਨ । ਇਹ ਵੀ ਸੱਚ ਨਹੀਂ ਹੈ ਕਿ ਰਾਸ਼ਟਰ ਹੀ ਇੱਕਮਾਤਰ ਇੱਛਤ ਤਰੀਕਾ ਹੈ ਜਿਸਦੇ ਜਰੀਏ ਅਸੀਂ ਆਪਣੀ ਸਾਮੂਹਿਕਤਾ ਦੀ ਕਲਪਨਾ ਕਰ ਸਕਦੇ ਹੋਈਏ ਜਾਂ ਰਾਸ਼ਟਰਵਾਦ ਹੀ ਤਥਾਕਥਿਤ ਤੀਜੀ ਦੁਨੀਆਂ ਵਿੱਚ ਬਹੁਤੇ ਵਿਰੋਧਪਰਕ ਸਭਿਆਚਾਰਕ ਆਚਰਣਾਂ ਵਿੱਚ ਪ੍ਰਾਣ ਫੂਕਦਾ ਹੈ । ਕਿਸੇ ਖਾਸ ਰਾਸ਼ਟਰਵਾਦੀ ਸਭਿਆਚਾਰਕ ਪਾਠ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਹ ਕਿਸ ਪ੍ਰਕਾਰ ਦੇ ਰਾਸ਼ਟਰਵਾਦ ਦਾ ਸਮਰਥਨ ਕਰ ਰਿਹਾ ਹੈ ਅਤੇ ਕਿਨ੍ਹਾਂ ਆਚਰਣਾਂ ਨੂੰ ਇਹ ਅਖਤਿਆਰ ਦੇ ਰਿਹਾ ਹੈ । ਇਸ ਅਰਥ ਵਿੱਚ , ਸਭਿਆਚਾਰਕ ਢਾਂਚੇ ਦੇ ਤੌਰ ਤੇ ਰਾਸ਼ਟਰਵਾਦ ਦੇ ਨਾਲ ਕੋਈ ਵਿਸ਼ੇਸ਼ਾਧਿਕਾਰ ਨਹੀਂ ਜੁੜਿਆ ਹੈ ।

ਇਸਦੇ ਅੱਗੇ ਮੈਨੂੰ ਲੱਗਦਾ ਹੈ ਕਿ ਸਾਨੂੰ ਇਸ ਗੱਲ ਦੇ ਵੱਲ ਪਰਤਣਾ ਚਾਹੀਦਾ ਹੈ ਕਿ ਸਭਿਆਚਾਰਕ ਅੰਦੋਲਨ ਇਸ ਬਾਰੇ ਹੈ ਕਿ ਸਧਾਰਣ ਲੋਕਾਂ ਦੁਆਰਾ ਆਪਣੀ ਵਿਸ਼ੇਸ਼ ਪ੍ਰਸਥਿਤੀਆਂ ਵਿੱਚ ਸਭਿਆਚਾਰ ਨੂੰ ਭੌਤਿਕ ਤੌਰ ਤੇ ਕਿਵੇਂ ਜੀਆ ਜਾਂਦਾ ਹੈ । ਇਸ ਵਿਚਾਰ ਦੇ ਵੱਲ ਪਰਤਣਾ ਚਾਹੀਦਾ ਹੈ ਕਿ ਸਭਿਆਚਾਰ ਹਮੇਸ਼ਾ ਵਿਸ਼ੇਸ਼ ਹੁੰਦਾ ਹੈ ਅਤੇ ਹਮੇਸ਼ਾ ਵਿਸ਼ੇਸ਼ ਵਿਵਾਦ ਖੇਤਰਾਂ ਦੇ ਅੰਦਰ ਬਣਦਾ ਹੈ । ਮੈਂ ਸਮਝਦਾ ਹਾਂ ਸਾਨੂੰ ਆਮ ਲੋਕਾਂ ਦੀ ਸਭਿਆਚਾਰ ਦੇ ਅਰਥ ਵਿੱਚ ਅਤੇ ਉਨ੍ਹਾਂ ਵਿਰੋਧਪਰਕ ਸਭਿਆਚਾਰਕ ਆਚਰਣਾਂ , ਜਿਨ੍ਹਾਂ ਨੂੰ ਰਾਸ਼ਟਰ ਦੀਆਂ ਸੀਮਾਵਾਂ ਤੋਂ ਪਰੇ ਸਾਰੇ ਮਜ਼ਲੂਮ ਲੋਕ ਵਾਸਤਵ ਵਿੱਚ ਮਿਲਜੁਲ ਕੇ ਅਪਣਾਉਂਦੇ ਹੋਣ , ਦੇ ਅਰਥ ਵਿੱਚ ਇੱਕ ਸਰਵਪ੍ਰਵਾਨਿਤ ਸਭਿਆਚਾਰ ਦੇ ਸੰਕਲਪ ਦੇ ਵੱਲ ਪਰਤਣਾ ਚਾਹੀਦਾ ਹੈ । ਅਤੇ ਸਾਨੂੰ ਇਸ ਸੰਕਲਪ ਦੇ ਵੱਲ ਵੀ ਪਰਤਣਾ ਚਾਹੀਦਾ ਹੈ ਕਿ ਸਭਿਆਚਾਰਕ ਅਧਿਅਨ ਦਾ ਉਦੇਸ਼ (ਫੂਕੋ ਦੇ ਪੈੜ ਵਿੱਚ ) ਸਿਰਫ਼ 'ਸੁਖ ਦੀਆਂ ਸੱਤਾਵਾਂ' ਦੇ ਤੌਰ ਤੇ ਸਭਿਆਚਾਰ ਦਾ ਅਧਿਅਨ ਨਹੀਂ ਸਗੋਂ ਉਨ੍ਹਾਂ ਸੰਚਾਰ ਤੰਤਰਾਂ ਦੇ ਤੌਰ ਤੇ ਸਭਿਆਚਾਰ ਦਾ ਅਧਿਅਨ ਹੋਵੇ ਜੋ ਨਿਰਧਾਰਤ ਅਤੇ ਸਪਸ਼ਟ ਅਰਥ ਪੈਦਾ ਕਰਨ ਅਤੇ ਅਸਲ ਜਿੰਦਗੀਆਂ ਵਿੱਚ ਚੰਗੀ ਜਾਂ ਮੰਦੀ ਤਬਦੀਲੀ ਲਿਆਉਣ । ਇਸ ਅਰਥ ਵਿੱਚ ਸਭਿਆਚਾਰ ਗਲਬੇ ਦੇ ਆਚਰਣਾਂ ਨਾਲ ਡੂੰਘੀ ਤਰ੍ਹਾਂ ਜੁੜਿਆ ਹੈ ਇਸ ਲਈ ਪ੍ਰਤੀਰੋਧ ਦੇ ਸਭਿਆਚਾਰਕ ਆਚਰਣ ਦੀ ਉਸਾਰੀ ਕਰਨਾ ਉਸ ਨਾਲੋਂ ਕਿਤੇ ਜਿਆਦਾ ਔਖਾ ਹੈ ਜਿਨ੍ਹਾਂ ਸਮਝਿਆ ਜਾਂਦਾ ਹੈ ।

ਪ੍ਰਸ਼ਨ : ਤੁਸੀਂ ਕਹਿੰਦੇ ਹੋ ਕਿ ਕਈ ਰਾਸ਼ਟਰਵਾਦਾਂ ਉੱਤੇ ਤੁਹਾਨੂੰ ਸ਼ੱਕ ਹੈ । ਕਿਨ੍ਹਾਂ ਰਾਜਨੀਤਕ ਪ੍ਰਸਥਿਤੀਆਂ ਵਿੱਚ ਰਾਸ਼ਟਰਵਾਦ ਪ੍ਰਗਤੀਸ਼ੀਲ ਹੋ ਸਕਦਾ ਹੈ ਅਤੇ ਕਿਸ ਨੁਕਤੇ ਉੱਤੇ ਇਹ ਫਾਸ਼ੀਵਾਦ ਵਿੱਚ ਤਬਦੀਲ ਹੋ ਜਾਂਦਾ ਹੈ ?

ਅਹਿਮਦ : ਇਹ ਫੇਰ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਪ੍ਰਕਾਰ ਦੇ ਰਾਸ਼ਟਰਵਾਦ ਦੀ ਚਰਚਾ ਕਰ ਰਹੇ ਹੋ ਅਤੇ ਕਿਸ ਪਰਿਸਥਿਤੀ ਵਿੱਚ ਇਹ ਪੈਦਾ ਹੋਇਆ ਹੈ । ਇਤਿਹਾਸਿਕ ਤੌਰ ਤੇ ਰਾਸ਼ਟਰਵਾਦ ਨੇ ਬਸਤੀਵਾਦੀ ਜਿੱਤ ਦੇ ਵਿਰੋਧ ਵਿੱਚ ਹਮੇਸ਼ਾ ਪ੍ਰਗਤੀਸ਼ੀਲ ਭੂਮਿਕਾ ਅਦਾ ਕੀਤੀ ਹੈ । ਇਸ ਲਈ ਨਹੀਂ ਕਿ ਜਿਨ੍ਹਾਂ ਨੂੰ ਹਰਾਇਆ ਗਿਆ ਹੈ ਉਹ ਪਹਿਲਾਂ ਹੀ ਰਾਸ਼ਟਰ ਦੀ ਉਸਾਰੀ ਕਰ ਚੁੱਕੇ ਹੁੰਦੇ ਹਨ ਜਾਂ ਰਾਸ਼ਟਰਾਂ ਨੂੰ ਵਿਸ਼ੇਸ਼ ਪ੍ਰਭੁਤਵ ਦਾ ਕੋਈ ਪੂਰਵਨਿਰਧਾਰਿਤ ਅਧਿਕਾਰ ਹੈ ਸਗੋਂ ਮੁੱਖ ਤੌਰ ਤੇ ਇਸ ਲਈ ਕਿ ਵਿਦੇਸ਼ੀ ਕਬਜੇ ਦਾ ਵਿਰੋਧ ਉਨ੍ਹਾਂ ਲੋਕਾਂ ਨੂੰ ਰਾਜਨੀਤਕ ਤੌਰ ਤੇ ਜਾਗਰਤ ਕਰਦਾ ਹੈ ਜੋ ਅਜੇ ਤੱਕ ਆਧੁਨਿਕ ਰਾਜਨੀਤੀ ਦੇ ਖੇਤਰ ਤੋਂ ਪਰੇ ਹੁੰਦੇ ਹਨ । ਸਿੱਟੇ ਵਜੋਂ ਇਹ ਲਾਜ਼ਮੀ ਤੌਰ ਤੇ ਰਾਜਨੀਤਕ ਰੰਗ ਲੈ ਚੁੱਕੇ ਆਵਾਮ ਦੇ ਅਧਿਕਾਰਾਂ ਦਾ ਪ੍ਰਸ਼ਨ ਖੜਾ ਕਰਦਾ ਹੈ । ਇਸ ਅਰਥ ਵਿੱਚ ਬਸਤੀਵਾਦ ਵਿਰੋਧੀ ਰਾਸ਼ਟਰਵਾਦ ਵਿਆਪਕ ਤੌਰ ਤੇ ਜਮਹੂਰੀ ਹੈ । ਇਹਨਾਂ ਵਿਚੋਂ ਕੁੱਝ ਰਾਸ਼ਟਰਵਾਦ ਉਸ ਵਕਤ ਵੀ ਪ੍ਰਗਤੀਸ਼ੀਲ ਭੂਮਿਕਾ ਨਿਭਾਉਂਦੇ ਹਨ ਜਦੋਂ ਉਹ ਕਬਾਇਲੀ ਜਾਂ ਸਮੁਦਾਇਕ ਜਾਂ ਧਾਰਮਿਕ ਜਾਂ ਭਾਸ਼ਿਕ ਤੌਰ ਤੇ ਪਰਿਭਾਸ਼ਿਤ ਭਾਈਚਾਰਿਆਂ ਨੂੰ ਉਨ੍ਹਾਂ ਦੇ ਸੰਕੀਰਣ ਦਾਇਰੇ ਤੋੜ ਕੇ ਇੱਕਜੁਟ ਕਰਨ ਵਿੱਚ ਮਦਦ ਕਰਦੇ ਹਨ । ਇਸੇ ਤਰ੍ਹਾਂ ਜਦੋਂ ਰਾਸ਼ਟਰਵਾਦ ਵੱਖ – ਵੱਖ ਕੁਨਬਿਆਂ ਵਿੱਚ ਵੰਡੇ ਲੋਕਾਂ ਨੂੰ ਸੰਗਠਿਤ ਕਰ ਇੱਕ ਆਧੁਨਿਕ ਰਾਸ਼ਟਰ ਦਾ ਨਿਰਮਾਣ ਕਰਨ ਵਿੱਚ ਮਦਦ ਕਰਦਾ ਹੈ ।

ਸ਼ਾਇਦ ਤੁਸੀਂ ਸਮਝ ਸਕਦੇ ਹੋ ਕਿ ਯੁਗੋਸਲਾਵੀਆ ਜਾਂ ਸੋਵੀਅਤ ਸੰਘ ਵਿੱਚ ਚਾਹੇ ਜੋ ਵੀ ਹੋਇਆ ਹੋਵੇ , ਮੈਂ ਬਹੁ-ਭਾਸ਼ੀ , ਬਹੁਸੰਪਰਦਾਇਕ , ਬਹੁਜਾਤੀ ਰਾਜਨੀਤਕ ਏਕਾਤਮਕਤਾ ਦੇ ਸਿਧਾਂਤ ਦਾ ਬਹੁਤ ਵੱਡਾ ਪੱਖੀ ਹਾਂ ਅਤੇ ਮੈਂ ਪਰਿਸ਼ੁਧ ਅਤੇ ਹਮਸ਼ਕਲ ਰਾਸ਼ਟਰਾਂ ਦੇ ਨਿਰਮਾਣ ਦੀ ਕੋਸ਼ਿਸ਼ ਦਾ ਵਿਰੋਧੀ ਹਾਂ । ਨਿਸ਼ਚਿਤ ਤੌਰ ਤੇ ਮੈਂ ਇਸ ਨਿਰਣੇ ਤੇ ਰਾਸ਼ਟਰਵਾਦ ਬਾਰੇ ਕਾਫ਼ੀ ਸੋਚ – ਵਿਚਾਰ ਦੇ ਬਾਅਦ ਪੁਜਿਆ ਹਾਂ , ਐਪਰ ਮੇਰੇ ਇਸ ਵਿਚਾਰ ਦੇ ਨਿਰਮਾਣ ਵਿੱਚ ਭਾਰਤ ਵਿੱਚ ਮੇਰਾ ਰਹਿਣਾ ਵੀ ਕਾਫ਼ੀ ਅਹਿਮ ਹੈ । ਭਾਰਤ ਦੇ ਪ੍ਰਗਤੀਸ਼ੀਲ ਵਿਚਾਰ ਦੇ ਲੋਕ ਇਸ ਗੱਲ ਉੱਤੇ ਗਰਵ ਕਰਦੇ ਹਨ ਕਿ ਸਾਡੀ ਇੱਕ ਰਾਜਨੀਤਕ ਰਾਸ਼ਟਰੀਅਤਾ ਦੇ ਅੰਦਰ ਕਈ ਭਾਸ਼ਾਵਾਂ , ਕਈ ਧਾਰਮਿਕ ਸਮੁਦਾਏ , ਵਿਵਿਧ ਸਾਹਿਤ , ਸੰਗੀਤ ਅਤੇ ਨਾਚ ਦੀਆਂ ਨਾਨਾਵਿਧ ਪਰੰਪਰਾਵਾਂ ਅਤੇ ਬਹੁਤ ਸਾਰੀਆਂ ਵੱਖ – ਵੱਖ ਸਭਿਆਚਾਰਕ ਪਰੰਪਰਾਵਾਂ ਹਨ । ਸਲੋਵਾਨਿਆ ਵਰਗੇ ਸਥਾਨਾਂ ਤੇ ਜਿੱਥੇ ਤੁਸੀਂ ਹੁਣੇ – ਹੁਣੇ ਕਾਫ਼ੀ ਦ੍ਰਿੜ ਰਾਸ਼ਟਰੀਅਤਾ ਹਾਸਲ ਕੀਤੀ ਹੈ , ਤੁਹਾਡੇ ਲਈ ਇਹ ਕਲਪਨਾ ਕਰਨਾ ਵੀ ਔਖਾ ਹੋਵੇਗਾ ਕਿ ਮੇਰੇ ਵਰਗੇ ਲੋਕ ਇਸ ਤੱਥ ਬਾਰੇ ਬਹੁਤ ਪਰਵਾਹ ਨਹੀਂ ਕਰਦੇ ਕਿ ਇਸ ਦੇਸ਼ ਵਿੱਚ ਬਹੁਤ ਸਾਰੀਆਂ ਭਾਸ਼ਾਵਾਂ ਬੋਲੀ ਜਾਂਦੀਆਂ ਹਨ ਅਤੇ ਸਾਡੇ ਵਿੱਚੋਂ ਕੋਈ ਵੀ ਸਿਧਾਂਤਕ ਤੌਰ ਤੇ ਵੀ ਇਸ ਸੰਭਾਵਨਾ ਉੱਤੇ ਵਿਚਾਰ ਨਹੀਂ ਕਰ ਸਕਦਾ ਕਿ ਅਸੀਂ ਬਾਕੀ ਸਾਰੇ ਭਾਰਤੀ ਸਾਥੀਆਂ ਨਾਲ ਸਿੱਧੇ ਤੌਰ ਉੱਤੇ ਗੱਲ ਕਰਨ ਵਿੱਚ ਸਮਰੱਥ ਹੋਵਾਂਗੇ । ਇੰਨੇ ਜਿਆਦਾ ਵਖਰੇਵਿਆਂ ਵਾਲੇ ਦੇਸ਼ ਬਾਰੇ ਕੁੱਝ ਅਜਿਹਾ ਹੈ ਜੋ ਕਾਫ਼ੀ ਤਸੱਲੀ ਦੇਣ ਵਾਲਾ ਅਤੇ ਮਾਨਵੀ ਹੈ ।

ਕੁਦਰਤੀ ਤੌਰ ਤੇ ਕਠਿਨਾਈ ਇਹ ਹੈ ਕਿ ਬਹੁਤ ਸਾਰੇ ਰਾਸ਼ਟਰਵਾਦਾਂ ਦਾ ਤਰਕ ਸਭਿਆਚਾਰਕ ਵਿਵਿਧਤਾ , ਸਮਾਵਿਸ਼ਟਤਾ ਅਤੇ ਅਨੇਕਤਾ ਦੇ ਪੱਖ ਵਿੱਚ ਨਹੀਂ ਜਾਂਦਾ ਸਗੋਂ ਵਿਅਕਤੀ ਜਾਂ ਸਮੂਹ ਵਿਸ਼ਿਸ਼ਟਤਾ , ਸ਼ੁਧਤਾ ਜਾਂ ਘੱਟ ਤੋਂ ਘੱਟ ਬਹੁਵਾਦ ਦੇ ਪੱਖ ਵਿੱਚ ਜਾਂਦਾ ਹੈ । ਇਸ ਦ੍ਰਿਸ਼ਟੀਕੋਣ ਤੋਂ ਰਾਸ਼ਟਰਵਾਦ ਨਸਲਵਾਦ ਦੇ ਕਰੀਬ ਪਹੁੰਚ ਜਾਂਦਾ ਹੈ । ਸਮਾਜਵਾਦ ਦਾ ਸੁਪਨਾ , ਜਿਸਨੂੰ ਤੁਸੀਂ ਸਮਾਜਵਾਦ ਦੇ ਮਨੋਰਾਜ ਮੂਲਕ ਜਿਆਦਤੀ ਕਹਿ ਸਕਦੇ ਹੋ , ਇਹ ਸੀ ਕਿ

ਅਸੀਂ ਇੱਕ ਅਜਿਹੀ ਮਨੁੱਖੀ ਸਭਿਅਤਾ ਦੇ ਵੱਲ ਵਧਾਂਗੇ ਜੋ ਸਮਤਾਵਾਦੀ ਵੀ ਹੋਵੇਗੀ ਅਤੇ ਵਿਸ਼ਵਵਿਆਪੀ ਵੀ ; ਜੋ ਰਾਸ਼ਟਰਾਂ ਦੇ ਆਤਮਨਿਰਣੇ ਦੇ ਅਧਿਕਾਰ ਦਾ ਸਮਰਥਨ ਕਰੇਗੀ ਐਪਰ ਭੌਤਿਕ ਤੌਰ ਤੇ ਉਨ੍ਹਾਂ ਬਹੁਰਾਸ਼ਟਰੀ ਸਮਾਜਾਂ ਦਾ ਸਿਰਜਣ ਵੀ ਕਰੇਗੀ ਜਿਨ੍ਹਾਂ ਵਿੱਚ ਕਿਸੇ ਨੂੰ ਵੀ ਵਿਸ਼ੇਸ਼ ਅਧਿਕਾਰ ਪ੍ਰਾਪਤ ਨਹੀਂ ਹੋਵੇਗਾ । ਬੇਸ਼ੱਕ ਅਸੀਂ ਉਨ੍ਹਾਂ ਸਮਾਜਾਂ ਵਿੱਚ ਆਏ ਨਿਘਾਰਾਂ ਤੋਂ ਵਾਕਿਫ ਹਾਂ , ਜਿਨ੍ਹਾਂ ਦਾ ਉਭਾਰ ਸ਼ੁਰੂ ਵਿੱਚ ਉਸ ਸੰਭਾਵਨਾ ਤੋਂ ਹੋਇਆ । ਐਪਰ ਮੈਨੂੰ ਲੱਗਦਾ ਹੈ ਕਿ ਦੋ ਗੱਲਾਂ ਧਿਆਨ ਵਿੱਚ ਰੱਖਣ ਦੀ ਲੋੜ ਹੈ । ਪਹਿਲੀ ਤਾਂ ਇਹ ਕਿ ਚਾਹੇ ਅਸੀਂ ਯੂਰਪ ਵਿੱਚ ਫਾਸ਼ੀਵਾਦ ਦੇ ਇਤਹਾਸ ਜਾਂ ਸੰਯੁਕਤ ਰਾਜ ਵਿੱਚ ਨਸਲਵਾਦ ਦੀ ਚਰਚਾ ਕਰੀਏ , ਪੂੰਜੀਵਾਦੀ ਸਮਾਜਾਂ ਦਾ ਰਿਕਾਰਡ ਵੱਧ ਭੈੜਾ ਰਿਹਾ ਹੈ । ਐਪਰ ਤੱਦ ਘੱਟ ਤੋਂ ਘੱਟ ਸਮਾਜਵਾਦ ਵਿਸ਼ਵ ਅਤੇ ਬਹੁਰਾਸ਼ਟਰੀ ਸਮਾਨਤਾ ਦੀਆਂ ਸਭਿਅਤਾਵਾਂ ਦੀ ਕਾਮਨਾ ਕਰਦਾ ਹੈ ਜਦੋਂ ਕਿ ਬਾਜ਼ਾਰ ਸਿਧਾਂਤਕ ਤੌਰ ਤੇ ਵੀ ਇਸ ਤਰ੍ਹਾਂ ਦੀਆਂ ਸਭਿਅਤਾਵਾਂ ਦਾ ਸਿਰਜਣ ਕਰਨਾ ਨਹੀਂ ਚਾਹੁੰਦਾ । ਮੇਰੇ ਕਹਿਣ ਦਾ ਅਰਥ ਹੈ ਕਿ ਸਾਡੇ ਸਮੇਂ ਦੇ ਕਈ ਰਾਸ਼ਟਰਵਾਦ ਇੰਨੇ ਇੰਤਕਾਮਪ੍ਰਸਤ , ਗੁਸੈਲ ਅਤੇ ਇਸ ਹੱਦ ਤੱਕ ਫਾਸ਼ੀਵਾਦੀ ਹੋ ਗਏ ਹਨ ਕਿ ਸਮਤਾਵਾਦੀ , ਬਹੁਸਭਿਆਚਾਰਕ ਵਿਸ਼ਵ ਸਭਿਅਤਾ ਦਾ ਸੁਪਨਾ ਛੱਡ ਦਿੱਤਾ ਗਿਆ ਹੈ ।

ਜਿੱਥੇ ਤੱਕ ਰਾਸ਼ਟਰਵਾਦ ਅਤੇ ਫਾਸ਼ੀਵਾਦ ਦੇ ਵਿੱਚ ਸੰਬੰਧ ਦਾ ਪ੍ਰਸ਼ਨ ਹੈ ਮੈਨੂੰ ਲੱਗਦਾ ਹੈ ਕਿ ਸਾਰੇ ਫਾਸ਼ੀਵਾਦ ਅੱਤਰਾਸ਼ਟਰਵਾਦ ਦੀ ਵਿਚਾਰਾਧਾਰਾ ਦੇ ਇਰਦ – ਗਿਰਦ ਜਨਮ ਲੈਂਦੇ ਹਨ ਐਪਰ ਜ਼ਰੂਰੀ ਨਹੀਂ ਹੈ ਕਿ ਸਾਰੇ ਰਾਸ਼ਟਰਵਾਦ ਫਾਸ਼ੀਵਾਦ ਦੇ ਵੱਲ ਉਨਮੁਖ ਹੋਣ । ਇੱਥੇ ਮੈਂ ਇਸ ਵਿਚਾਰ ਉੱਤੇ ਜੋਰ ਦੇਣਾ ਚਾਹਾਂਗਾ ਕਿ ਰਾਸ਼ਟਰਵਾਦ ਦੀ ਆਪਣਾ ਕੋਈ ਤਬੀਅਤ ਨਹੀਂ ਜੋ ਇਸਦੀ ਦਿਸ਼ਾ ਨਿਰਧਾਰਤ ਕਰੇ ਸਗੋਂ ਵਿਸ਼ੇਸ਼ ਹਲਾਤਾਂ ਵਿੱਚ ਇਸ ਉੱਤੇ ਕਾਬੂ ਰੱਖਣ ਵਾਲੀ ਹਾਕਮ ਜਮਾਤ ਦੁਆਰਾ ਇਸਨੂੰ ਤਬੀਅਤ ਪ੍ਰਦਾਨ ਕੀਤੀ ਜਾਂਦੀ ਹੈ । ਇਸਦਾ ਅਰਥ ਇਹ ਵੀ ਹੈ ਕਿ ਜਿਸ ਹੱਦ ਤੱਕ ਸਮਾਜਵਾਦੀ ਜਮਹੂਰੀਅਤ ਦੀਆਂ ਪ੍ਰਗਤੀਸ਼ੀਲ ਸ਼ਕਤੀਆਂ ਹਾਰ ਜਾਂਦੀਆਂ ਹਨ ਜਾਂ ਫਿਰ ਉਨ੍ਹਾਂ ਵਿੱਚ ਨਿਘਾਰ ਆਉਂਦਾ ਹੈ ਉਸੇ ਹੱਦ ਤੱਕ ਰਾਸ਼ਟਰਵਾਦ ਦੇ ਪਿਛਲਖੁਰੀ ਅਤੇ ਫਾਸ਼ੀਵਾਦੀ ਹੋਣ ਦੀ ਸੰਭਾਵਨਾ ਹੁੰਦੀ ਹੈ । ਵਰਤਮਾਨ ਸਮੇਂ ਵਿੱਚ ਮੈਂ ਫਾਸ਼ੀਵਾਦ ਦੀ ਇਸ ਸਮੱਸਿਆ ਦੇ ਬਾਰੇ ਕਾਫ਼ੀ ਕੁੱਝ ਲਿਖਦਾ ਰਿਹਾ ਹਾਂ ਅਤੇ ਉਸਦੀ ਵਿਸਥਾਰ ਨਾਲ ਚਰਚਾ ਇੱਥੇ ਨਹੀਂ ਕਰ ਸਕਦਾ । ਮੈਂ ਇੱਥੇ ਕੇਵਲ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਵਿਸ਼ਵ ਵਿੱਚ ਕਈ ਸਥਾਨਾਂ ਉੱਤੇ ਫਾਸ਼ੀਵਾਦ ਆਪਣਾ ਸਿਰ ਉਠਾ ਰਹੇ ਹਨ ਐਪਰ ਪੁਨਰਉਥਾਨਸ਼ੀਲ ਫਾਸ਼ੀਵਾਦ ਦੇ ਉਨ੍ਹਾਂ ਦੇਸ਼ਾਂ ਵਿੱਚ ਬਹੁਤ ਖਤਰੇ ਹਨ ਜਿੱਥੇ ਦੂਸਰੇ ਵਿਸ਼ਵ ਯੁੱਧ ਦੇ ਦੌਰਾਨ ਫਾਸ਼ੀਵਾਦ ਵਿਰੋਧੀ ਸੰਘਰਸ਼ ਬਹੁਤ ਜ਼ਿਆਦਾ ਹੋਏ ਸਨ । ਅਜਿਹਾ ਪ੍ਰਤੀਤ ਹੁੰਦਾ ਹੈ ਕਿ

ਪੂਰਵ ਯੁਗੋਸਲਾਵੀਆ ਦੇ ਕਈ ਭਾਗਾਂ ਵਿੱਚ ਫਾਸ਼ੀਵਾਦ ਪੰਜਾਹ ਸਾਲ ਪੂਰਬਲੇ ਫ਼ੈਸਲੇ ਨੂੰ ਉਲਟਣ ਉੱਤੇ ਆਮਾਦਾ ਹੈ ।

ਪ੍ਰਸ਼ਨ : ਫਿਰ ਰਾਸ਼ਟਰੀ ਸਭਿਆਚਾਰ ਅਤੇ ਵਿਸ਼ਵ ਸਭਿਆਚਾਰ ਦੇ ਵਿੱਚ ਸੰਬੰਧ ਬਾਰੇ ਤੁਹਾਡੇ ਕੀ ਵਿਚਾਰ ਹਨ ? ਉਦਾਹਰਣ ਦੇ ਲਈ , ਜੇਕਰ ਕੋਈ ਵਿਸ਼ਵ ਸਾਹਿਤ ਹੈ ਜਿਵੇਂ ਕਿ ਗੇਟੇ ਅਤੇ ਮਾਰਕਸ ਸਮਝਦੇ ਸਨ ਤਾਂ ਕੀ ਇਹ ਪੱਛਮੀ ਸਭਿਆਚਾਰਕ ਗਲਬੇ ਦਾ ਉਤਪਾਦ ਹੋਣ ਦੇ ਇਲਾਵਾ ਹੋਰ ਕੁੱਝ ਹੋ ਸਕਦਾ ਹੈ ? ਕੀ ਇਸ ਵਰਚੂਅਲ ( ਛਦਮ )

ਵਿਸ਼ਵ ਸਾਹਿਤ ਦਾ , ਇਸ ਤੋਂ ਪੈਦਾ ਹੋਣ ਵਾਲੇ ਰਾਸ਼ਟਰੀ ਸਾਹਿਤ ਅਤੇ ਸਭਿਆਚਾਰਕ ਰਾਸ਼ਟਰਵਾਦ ਦੇ ਇਲਾਵਾ ਕੋਈ ਵਿਕਲਪ ਹੈ ?

ਅਹਿਮਦ : ਮੌਜੂਦਾ ਰੁਝਾਨਾਂ ਦੇ ਉਲਟ ਮੈਂ ਵਿਸ਼ਵਵਿਆਪਕਤਾ ਦੇ ਵਿਚਾਰ ਦਾ ਬੇਹਯਾ ਸਮਰਥਕ ਹਾਂ । ਅਜਿਹਾ ਇਸ ਤਥ ਦੇ ਬਾਵਜੂਦ ਹੈ ਕਿ ਹੁਣ ਤੱਕ ਜਿਸ ਤਰ੍ਹਾਂ ਦੀ ਵਿਸ਼ਵਵਿਆਪਕਤਾ ਸਾਡੇ ਕੋਲ ਸੀ , ਬਸਤੀਵਾਦ ਉਸ ਵਿੱਚ ਅੰਤਰਨਿਸ਼ਟ ਰਿਹਾ ਹੈ ਅਤੇ ਅੱਜ ਜੋ ਇੱਕ ਮਾਤਰ ਵਿਸ਼ਵ ਸਭਿਅਤਾ ਮੌਜੂਦ ਹੈ ਉਹ ਪੂੰਜੀਵਾਦੀ ਸਭਿਅਤਾ ਹੈ । ਮੈਂ ਸਮਝਦਾ ਹਾਂ ਇਸ ਸਭਿਅਤਾ ਦੀਆਂ ਬਰਬਰਤਾਵਾਂ ਦੇ ਖਿਲਾਫ ਉਠ ਖੜੇ ਹੋਣ ਵਿੱਚ ਅਤੇ ਇੱਕ ਬਿਹਤਰ ਵਿਸ਼ਵਵਿਆਪੀ ( ਸਰਵਮੁਕਤੀਦਾਤਾ) ਭਾਈਚਾਰੇ ਦਾ ਨਿਰਮਾਣ ਕਰਨ ਵਿੱਚ ਮਨੁੱਖ ਪੂਰਨ ਤੌਰ ਤੇ ਸਮਰੱਥ ਹੈ । ਇਸ ਬਿਹਤਰ ਵਿਸ਼ਵਵਿਆਪੀ ਭਾਈਚਾਰੇ ਲਈ ਹੁਣ ਵੀ ਸਾਡਾ ਸ਼ਬਦ ਸਮਾਜਵਾਦ ਹੈ ਐਪਰ ਤੁਹਾਡਾ ਮਨਸ਼ਾ ਜੇਕਰ ਇਹੀ ਹੈ ਤਾਂ ਇਸਦੇ ਸਥਾਨ ਤੇ ਕਿਸੇ ਦੂਜੇ ਸ਼ਬਦ ਦੀ ਵਰਤੋਂ ਕਰਨ ਲਈ ਵੀ ਤੁਹਾਡਾ ਸਵਾਗਤ ਹੈ । ਇੱਕ ਸੰਕਲਪ ਦੇ ਤੌਰ ਤੇ ਵਿਸ਼ਵਵਿਆਪਕਤਾ ਨੂੰ ਨਹੀਂ ਛੱਡਿਆ ਜਾ ਸਕਦਾ ਕਿਉਂਕਿ ਵਿਸ਼ੇਸ਼ ਅਧਿਕਾਰਾਂ ਦਾ ਵਜੂਦ ਉਦੋਂ ਹੁੰਦਾ ਹੈ ਜਦੋਂ ਵਿਸ਼ਵ ਅਧਿਕਾਰ ਮੌਜੂਦ ਹੋਣ । ਵਿਸ਼ਵਵਿਆਪਕਤਾ ਦੀ ਕਿਸੇ ਧਾਰਨਾ ਦੇ ਬਿਨਾਂ ਨਸਲਵਾਦ ਜਾਂ ਕਿਸੇ ਹੋਰ ਪ੍ਰਕਾਰ ਦੇ ਸਮੂਹਿਕ ਦਮਨ ਦੇ ਖਿਲਾਫ ਕੋਈ ਵੀ ਸੰਘਰਸ਼ ਸੰਭਵ ਨਹੀਂ ਹੈ । ਮੇਰੇ ਹਿਸਾਬ ਨਾਲ ਸੰਯੁਕਤ ਰਾਜ ਦਾ ਬਲੈਕ ਇੱਕ ਵਿਸ਼ਵਵਿਆਪੀ ਸਭਿਅਤਾ ਚਾਹੁੰਦਾ ਹੈ ਜੋ ਚਮੜੀ ਦੇ ਰੰਗ ਨੂੰ ਨਾ ਵੇਖੇ ਅਤੇ ਅਤੀਤ ਦੀਆਂ ਗਲਤੀਆਂ ਨੂੰ ਠੀਕ ਕਰੇ । ਇਹ ਤਥ ਕਿ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਪੁਰਸ਼ਾਂ ਨੂੰ ਔਰਤਾਂ ਦੀ ਤੁਲਣਾ ਵਿੱਚ ਅਨੰਤ ਤੌਰ ਤੇ ਜਿਆਦਾ ਅਧਿਕਾਰ ਪ੍ਰਾਪਤ ਸਨ , ਸਾਨੂੰ ਅਧਿਕਾਰਾਂ ਦੀ ਧਾਰਨਾ ਦੇ ਵਿਰੁਧ ਨਹੀਂ ਉਕਸਾਉਂਦਾ । ਔਰਤਾਂ ਦੇ ਉਹ ਸੰਘਰਸ਼ ਜੋ ਰਾਸ਼ਟਰੀ , ਧਾਰਮਿਕ ਅਤੇ ਸੰਪਰਦਾਇਕ ਸੀਮਾਵਾਂ ਤੋਂ ਪਰੇ ਔਰਤਾਂ ਦੇ ਸੰਰਚਨਾਗਤ ਉਤਪੀੜਨ ਦੇ ਖਿਲਾਫ ਹਨ ; ਜੋ ਔਰਤਾਂ ਅਤੇ ਪੁਰਸ਼ਾਂ ਲਈ ਸਮਾਨ ਅਧਿਕਾਰਾਂ ਦੀ ਮੰਗ ਕਰਦੇ ਹਨ , ਆਪਣੀਆਂ ਆਕਾਂਖਿਆਵਾਂ ਵਿੱਚ ਇਹ ਸੰਘਰਸ਼ ਡੂੰਘੇ ਵਿਸ਼ਵਵਿਆਪੀ ( ਸਰਵਮੁਕਤੀਵਾਦੀ ) ਹਨ । ਵਿਸ਼ਵਵਿਆਪਕਤਾ ਦੇ ਸੰਕਲਪ ਤੋਂ ਵੱਖ ਹੋਕੇ ਸਾਮਰਾਜਵਾਦ ਵਿਰੋਧੀ ਧਾਰਨਾ ਵੀ ਖੁਦ ਮਹਿਜ਼ ਵਿਦੇਸ਼ ਨਫਰਤ ਬਣਕੇ ਰਹਿ ਜਾਵੇਗੀ ।

ਤੱਦ ਇਸ ਪਰਿਪੇਖ ਵਿੱਚ ਮੈਂ ਅੰਤਰਰਾਸ਼ਟਰੀ ਕਲਾ ਅਤੇ ਇੱਕ ਵਿਸ਼ਵ ਸਾਹਿਤ ਦੇ ਵਿਚਾਰ , ਅੱਜ ਜਿਸਨੂੰ ਪੱਛਮੀ ਸਭਿਆਚਾਰਕ ਗਲਬਾ ਕਹਿੰਦੇ ਹਨ , ਨੂੰ ਨਹੀਂ ਛੱਡ ਸਕਦਾ , ਉਹ ਚਾਹੇ ਜੋ ਕੁੱਝ ਵੀ ਹੋਵੇ । ਦਰਅਸਲ ਮੈਨੂੰ ਨਹੀਂ ਲੱਗਦਾ ਕਿ ਗਲਬਾ ਪੱਛਮੀ ਹੈ ਅਤੇ ਵਿਅਕਤੀਗਤ ਤੌਰ ਤੇ ਮੈਨੂੰ ਕਿਸੇ ਫਰਾਂਸੀਸੀ , ਜਾਂ ਬ੍ਰਿਟਿਸ਼ ਜਾਂ ਉੱਤਰੀ ਅਮਰੀਕੀ ਤੋਂ ਕੁੱਝ ਸਿੱਖਣ ਵਿੱਚ ਕੋਈ ਕਠਿਨਾਈ ਹੈ । ਸਮੱਸਿਆ ਸਾਮਰਾਜਵਾਦ ਹੈ । ਤੁਸੀਂ ਜਿਸਨੂੰ ਪੱਛਮੀ ਗਲਬਾ ਕਹਿੰਦੇ ਹੋ ਦਰਅਸਲ ਉਹ ਪੂੰਜੀਵਾਦੀ ਵਿਸ਼ਵਵਿਆਪਕਤਾ ਹੈ ਜਿਸ ਵਿੱਚ ਪ੍ਰਮੁੱਖ ਦੇਸ਼ਾਂ ਵਿੱਚ ਪ੍ਰਬਲ ਵਿਚਾਰਧਾਰਾਵਾਂ ਅਤੇ ਸਭਿਆਚਾਰਕ ਕਲਾਕ੍ਰਿਤੀਆਂ ਬਣਦੀਆਂ ਹਨ ਅਤੇ ਦੁਨੀਆਂ ਦੇ ਬਾਕੀ ਦੇਸ਼ਾਂ ਵਿੱਚ ਜਾਂ ਤਾਂ ਇਨ੍ਹਾਂ ਦਾ ਨਿਰਯਾਤ ਜਾਂ ਅਨੁਕਰਣ ਕੀਤਾ ਜਾਂਦਾ ਹੈ । ਸਭ ਤੋਂ ਉੱਤਮ ਰਾਸ਼ਟਰਵਾਦ ਵੀ ਇਕੱਲੇ ਇਸਦਾ ਜਵਾਬ ਨਹੀਂ ਹੋ ਸਕਦਾ ਕਿਉਂਕਿ ਪੂੰਜੀ , ਵਿਸ਼ੇਸ਼ ਤੌਰ ਤੇ ਆਪਣੇ ਸਭਿਆਚਾਰਕ ਰੂਪਾਂ ਵਿੱਚ , ਰਾਸ਼ਟਰੀ ਹੱਦਾਂ ਦੀ ਹਰ ਦੀਵਾਰ ਢਾਹ ਸਕਦੀ ਹੈ । ਨਾਲ ਹੀ ਹਰ ਕਿਸਮ ਦਾ ਰਾਸ਼ਟਰਵਾਦ ਇਸ ਪੂੰਜੀਵਾਦੀ ਵਿਸ਼ਵਵਿਆਪਕਤਾ ਵਿੱਚ ਆਪਣੇ ਆਪ ਨੂੰ ਸਮਾਯੋਜਿਤ ਕਰ ਸਕਦਾ ਹੈ । ਦੂਰਸੰਚਾਰ ਦੀ ਇਸ ਆਧੁਨਿਕਤਮ ਦਸ਼ਾ ਵਿੱਚ ਉੱਤਰ ਅਮਰੀਕੀ ਸਭਿਆਚਾਰਕ ਸਾਮਗਰੀਆਂ ਪੂਰੇ ਵਿਸ਼ਵ ਦੇ ਘਰ

– ਘਰ ਵਿੱਚ ਸੈਟੇਲਾਇਟ ਜਾਂ ਟੈਲੀਵਿਜਨ ਐਂਟੀਨੇ ਅਤੇ ਸੂਚਨਾ ਮਹਾਮਾਰਗ ਦੇ ਜਰੀਏ ਪਹੁੰਚ ਰਹੀਆਂ ਹਨ । ਇਸਨੂੰ ਤਾਂ ਹੁਣ ਰਾਸ਼ਟਰ – ਰਾਜਾਂ ਦੇ ਵਿਦਿਅਕ ਅਤੇ ਸਭਿਆਚਾਰਕ ਗਰਿਡ ਦੀ ਵੀ ਲੋੜ ਨਹੀਂ । ਇਸ ਪੂੰਜੀਵਾਦੀ ਵਿਸ਼ਵਵਿਆਪਕਤਾ , ਜਿਸਨੂੰ ਦੁਨੀਆਂ ਦਾ ਹਰ ਬੁਰਜੁਆ ਸਵੀਕਾਰ ਕਰਦਾ ਹੈ , ਦੇ ਸਾਹਮਣੇ ਕਿਸੇ ਨੂੰ ਵੀ ਆਪਣੇ ਕਿਸੇ ਨਿਰੋਲ ਰਾਸ਼ਟਰੀ ਸਭਿਆਚਾਰ ਦੇ ਦਾਇਰੇ ਵਿੱਚ ਰਹਿਣ ਦੀ ਇਜਾਜਤ ਨਹੀਂ ਹੈ । ਤੁਸੀਂ ਜਾਂ ਤਾਂ ਪੂੰਜੀਵਾਦ ਵਿਰੋਧੀ ਯਾਨੀ ਸਮਾਜਵਾਦੀ ਵਿਸ਼ਵਵਿਆਪਕਤਾ ਦਾ ਨਿਰਮਾਣ ਕਰੋ ਜਾਂ ਪੂੰਜੀਵਾਦ ਵਿਸ਼ਵਵਿਆਪਕਤਾ ਨੂੰ ਸਵੀਕਾਰ ਕਰੋ । ਕੁਦਰਤੀ ਹੈ ਕਿ ਧੀਰਜਵਾਨ ਆਦਮੀਆਂ ਲਈ ਕਈ ਰਸਮੀ ਆਚਰਣ ਸੰਭਵ ਹਨ ਐਪਰ ਅੱਜ ਸਮੂਹਿਕ ਤੌਰ ਤੇ ਲੋਕਾਂ ਲਈ ਕੋਈ ਤੀਜਾ ਵਿਕਲਪ ਨਹੀਂ ਹੈ ।

ਇਹੀ ਗੱਲ ਵਿਸ਼ਵ ਸਾਹਿਤ ਅਤੇ ਰਾਸ਼ਟਰੀ ਸਾਹਿਤ ਬਾਰੇ ਲਾਗੂ ਹੁੰਦੀ ਹੈ । ਇਤਿਹਾਸਿਕ ਤੌਰ ਤੇ ਯੂਰਪ ਵਿੱਚ ਰਾਸ਼ਟਰੀ ਸਾਹਿਤਾਂ ਦੇ ਸੰਕਲਪ ਦੀ ਉਤਪੱਤੀ ਰਾਸ਼ਟਰ – ਰਾਜ ( ਨੇਸ਼ਨ – ਸਟੇਟ ) ਦੇ ਉਦੇ ਦੇ ਨਾਲ ਹੋਈ । ਤੀਜੀ ਦੁਨੀਆਂ ਵਿੱਚ ਵੀ ਸਭਿਆਚਾਰਕ ਸਾਮਰਾਜਵਾਦ ਦੇ ਜਵਾਬ ਵਿੱਚ ਸਭਿਆਚਾਰਕ ਰਾਸ਼ਟਰਵਾਦ ਦੀ ਉਤਪੱਤੀ ਦੇ ਦੌਰਾਨ ਇਸ ਸੰਕਲਪ ਨੂੰ ਆਮ ਬਣਾ ਦਿੱਤਾ ਗਿਆ ਹੈ । ਅਤੇ ਉਸ ਤੋਂ ਬਾਅਦ ਇਹ ਉਨ੍ਹਾਂ ਸਭਿਆਚਾਰਕ ਰੀਤੀਆਂ ਵਿੱਚੋਂ ਇੱਕ ਦੇ ਤੌਰ ਤੇ ਸਾਧਾਰਨੀਕ੍ਰਿਤ ਕਰ ਦਿੱਤਾ ਗਿਆ ਹੈ ਜਿਨ੍ਹਾਂ ਦੇ ਜਰੀਏ ਇੱਕ ਰਾਸ਼ਟਰੀ ਬੁਰਜੁਆ ਰਾਜ ਆਪਣੇ ਆਪ ਨੂੰ ਪ੍ਰਕ੍ਰਿਤਕ ਕਰਦਾ ਹੈ । ਇਸ ਵਿਚਾਰ ਨਾਲ ਸਹਿਮਤ ਹੋਣ ਦੀ ਲੋੜ ਨਹੀਂ ਅਤੇ ਗਿਰਜੇ ਦੀਆਂ ਕੈਨਨਾਈਜੇਸ਼ਨ ਦੀਆਂ ਪ੍ਰਤੀਕਰਿਆਵਾਂ ਨਾਲ ਤਾਂ ਬਿਲਕੁਲ ਨਹੀਂ । ਗਿਰਜੇ ਦੀ ਕੈਨਨਾਈਜੇਸ਼ਨ ਦੀ ਸਰਵਪ੍ਰਥਮ ਕਾਢ ਯੂਰਪ ਵਿੱਚ ਕੀਤੀ ਗਈ ਅਤੇ ਇਸਦੇ ਮਾਧਿਅਮ ਨਾਲ ਹੀ ਆਮ ਤੌਰ ਤੇ ਰਾਸ਼ਟਰੀ ਸਾਹਿਤ ਕੰਸਾਲੀਡੇਟ ਕੀਤੇ ਜਾਂਦੇ ਹਨ । ਐਪਰ ਇਹ ਪ੍ਰਕਿਰਿਆ ਵਾਸਤਵਿਕ ਹੈ । ਬੁਰਜੁਆ ਪ੍ਰੋਜੈਕਟ ਦੇ ਤੌਰ ਤੇ ਅਤੇ ਸਾਮਰਾਜਵਾਦੀ ਗਲਬਿਆਂ ਦੇ ਵਿਰੁਧ ਰਾਸ਼ਟਰੀ ਦਾਅਵੇ ਦੇ ਤੌਰ ਤੇ ਵੀ । ਮੈਂ ਆਪ ਰਾਸ਼ਟਰਵਾਦ ਦੇ ਬਾਰੇ ਜੋ ਪਹਿਲਾਂ ਕਹਿ ਰਿਹਾ ਸੀ ਉਸਨੂੰ ਇੱਥੇ ਦੋਹਰਾਉਣਾ ਚਾਹਾਂਗਾ ਕਿ ਤੁਸੀਂ ਇਸਨੂੰ ਦਰਕਿਨਾਰ ਨਹੀਂ ਕਰ ਸਕਦੇ , ਇਸ ਵਿੱਚੀਂ ਤੁਹਾਨੂੰ ਗੁਜਰਨਾ ਪਵੇਗਾ , ਇਸਦੇ ਦੂਜੇ ਕੰਡੇ ਉੱਤੇ ਜਾਣ ਦਾ ਰਸਤਾ ਢੂੰਢਣਾ ਹੋਵੇਗਾ । ਇਸ ਪਰਿਸਥਿਤੀ ਵਿੱਚ ਵਿਸ਼ਵ ਸਾਹਿਤ ਅਤੇ ਰਾਸ਼ਟਰੀ ਸਾਹਿਤ ਦੋਨਾਂ ਦੀਆਂ ਆਪਣੀਆਂ – ਆਪਣੀਆਂ ਉਪਯੋਗਿਤਾਵਾਂ ਹਨ । ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਆਪਣੇ ਇਤਹਾਸ ਦੇ ਇੱਕ ਭਾਗ ਦੇ ਤੌਰ ਤੇ ਆਪਣੇ ਖੇਤਰੀ ਸਾਹਿਤਾਂ ਅਤੇ ਰਾਸ਼ਟਰੀ ਸਾਹਿਤਾਂ ਨੂੰ ਜਾਣਨ ਦੀ ਲੋੜ ਹੈ । ਉਥੇ ਹੀ ਉੱਨਤ ਪੂੰਜੀਵਾਦੀ ਦੇਸ਼ਾਂ ਪ੍ਰਤੀ ਆਪਣੀ ਵਿਦੇਸ਼ੀ ਨਫਰਤ ਦੇ ਵਿਰੁਧ ਇੱਕ ਰੋਗਨਾਸ਼ਕ ਦਵਾਈ ਦੇ ਤੌਰ ਤੇ ਆਪਣੇ ਪਾਠਕਰਮਾਂ ਲਈ ਵਿਸ਼ਵ ਸਾਹਿਤ ਵਿਸ਼ੇਸ਼ ਤੌਰ ਤੇ ਲਾਭਦਾਇਕ ਹੈ । ਜਿਆਦਾ ਆਮ ਤਰੀਕੇ ਨਾਲ ਕਿਹਾ ਜਾਵੇ ਤਾਂ ਆਪਣੇ ਰਾਸ਼ਟਰੀ ਸਾਹਿਤ ਅਤੇ ਸਭਿਆਚਾਰ ਤੋਂ ਅੱਗੇ ਹੋਰਾਂ ਬਾਰੇ ਵੀ ਜਾਨਣਾ ਹਮੇਸ਼ਾ ਅੱਛਾ ਹੁੰਦਾ ਹੈ । ਬਹਰਹਾਲ , ਪ੍ਰਕਾਸ਼ਨ ਅਤੇ ਪ੍ਰਸਾਰ ਦਾ ਸਥਾਨ ਕੋਈ ਵੀ ਹੋਵੇ , ਜਦੋਂ ਤੱਕ ਸਾਮਰਾਜਵਾਦੀ ਵਿਵਸਥਾ ਹੈ , ਵਿਸ਼ਵ ਸਾਹਿਤ ਹਮੇਸ਼ਾ ਇਸਦੀਆਂ ਅਸਮਾਨਤਾਵਾਂ ਨੂੰ ਦਰਸਾਉਂਦਾ ਰਹੇਗਾ ।

ਸਮੱਸਿਆ ਇਹ ਹੈ ਕਿ ਇਸ ਵਿਸ਼ਵ ਸਾਹਿਤ ਨੂੰ ਦਰਅਸਲ ਪੜ੍ਹਿਆ ਅਤੇ ਪੜ੍ਹਾਇਆ ਕਿਵੇਂ ਜਾਵੇ । ਪਾਰੰਪਰਕ ਅਰਥਾਂ ਵਿੱਚ ਵਿਸ਼ਵ ਸਾਹਿਤ ਦਾ ਵਿਚਾਰ ਗੇਟੇ ਦੇ ਅਨੁਸਾਰ ਕਾਫ਼ੀ ਧਰਮਵਿਧਾਨਿਕ , ਇੱਥੇ ਤੱਕ ਕਿ ਆਨਾਲਡਿਅਨ ਹੈ । ਬਿਹਤਰੀਨ ਜੋ ਸੋਚਿਆ ਅਤੇ ਲਿਖਿਆ ਗਿਆ ਹੈ ਹੁਣ ਇਸ ਜਾਂ ਉਸ ਦੇਸ਼ ਤੋਂ ਨਹੀਂ ਸਗੋਂ ਵਿਸ਼ਵ ਤੋਂ ਪ੍ਰਾਪਤ ਕੀਤਾ ਜਾਣਾ

ਹੈ । ਜੇਕਰ ਤੁਸੀਂ ਇਸ ਬਾਰੇ ਵਿਚਾਰ ਕਰੋ ਤਾਂ ਵਿਸ਼ਵ ਦੇ ਵੱਖ ਵੱਖ ਮਹਾਦੇਸ਼ਾਂ ਵਿੱਚ ਪ੍ਰਕਾਸ਼ਿਤ ਅਤੇ ਧਰਮਵਿਧਾਨਿਕ ਤੌਰ ਤੇ ਸਮੇਕਿਤ ਮਹਾਨ ਕਿਤਾਬਾਂ ਦੇ ਅਧਿਅਨ ਦਾ ਇਹ ਤਰੀਕਾ ਵਿਸ਼ਵ ਬੁਰਜੁਆ ਨਾਲ ਮਿਲਦੀ – ਜੁਲਦੀ ਕਿਸੇ ਚੀਜ ਵਿੱਚ ਦੁਨੀਆਂ ਦੇ ਉੱਚ ਵਰਗਾਂ ਦੇ ਏਕੀਕਰਨ ਦੇ ਨਾਲ ਪੂਰੀ ਤਰ੍ਹਾਂ ਇੱਕਸੁਰਤਾ ਸਥਾਪਤ ਕਰਨ ਲਾਇਕ ਹੈ । ਵਿਸ਼ਵ ਸਾਹਿਤ ਲਈ ਇਸ ਵਿਸ਼ਵੀ ਏਕੀਕਰਨ ਨੂੰ ਦਰਸਾਉਣਾ ਅਤੇ ਇੱਕ ਆਸਾਨ ਅਤੇ ਚਮਕਦਾਰ ਪੂੰਜੀਵਾਦੀ ਵਿਸ਼ਵਵਿਆਪਕਤਾ ਦੇ ਨਤੀਜੇ ਉੱਤੇ ਪੁੱਜਣਾ ਬਹੁਤ ਆਸਾਨ ਹੈ । ਇਸ ਸੰਦਰਭ ਵਿੱਚ ਸਾਨੂੰ ਸਾਹਿਤ ਦੇ ਸੰਕਲਪ ਉੱਤੇ ਹੀ ਪ੍ਰਸ਼ਨ ਖੜਾ ਕਰਨਾ ਚਾਹੀਦਾ ਹੈ ਅਤੇ ਨਿਸ਼ਚਿਤ ਤੌਰ ਉੱਤੇ ਤੀਜੀ ਦੁਨੀਆਂ ਤੋਂ ਆਉਣ ਵਾਲੀਆਂ ਕਿਤਾਬਾਂ ਸਹਿਤ , ਬਹੁਤੇ ਪਾਠਾਂ ਉੱਤੇ ਸ਼ੱਕ ਕਰਨਾ ਚਾਹੀਦਾ ਹੈ ਹਾਲਾਂਕਿ ਉਹ ਧਰਮਵਿਧਾਨਿਕਤਾ ਦੀ ਨਿਮਨਤਮ ਸਮਰੱਥਾ ਦਰਸਾਉਂਦੀਆਂ ਹਨ । ਦਰਅਸਲ ਸਾਨੂੰ ਇਸ ਤਥ ਉੱਤੇ ਹੀ ਸਭ ਤੋਂ ਜਿਆਦਾ ਸ਼ੱਕ ਕਰਨਾ ਚਾਹੀਦਾ ਹੈ ਕਿ ਪ੍ਰਮੁੱਖ ਪੂੰਜੀਵਾਦੀ ਦੇਸ਼ਾਂ ਵਿੱਚ ਅਧਿਅਨ ਸਾਮਗਰੀ ਦੇ ਤੌਰ ਤੇ ਵਿਸ਼ਵ ਸਾਹਿਤ ਦੀ ਸ਼੍ਰੇਣੀ ਵੱਧ ਰਹੀ ਹੈ ਜਦੋਂ ਕਿ ਗਰੀਬ ਦੇਸ਼ਾਂ ਕੋਲ ਇਸ ਪ੍ਰਕਾਰ ਦੀ ਆਪਣੀ ਸਾਮਗਰੀ ਦੇ ਸਿਰਜਣ ਲਈ ਸਾਧਨ ਨਹੀਂ ਹਨ ।

ਐਪਰ ਤੱਦ ਸੁਯੋਗਤਾ ਦੇ ਪੱਧਰ ਦੀ ਵੀ ਸਮੱਸਿਆ ਹੈ । ਉਦਾਹਰਣ ਲਈ ਉੱਤਰੀ ਅਮਰੀਕਾ ਦੇ ਕਾਲਜਾਂ ਅਤੇ ਵਿਸ਼ਵਵਿਦਿਆਲਿਆਂ ਵਿੱਚ ਮੈਂ ਵਿਸ਼ਵ ਸਾਹਿਤ ਦੇ ਅਧਿਅਨ ਵਿੱਚ ਭਿੰਨਤਾ ਵੇਖੀ ਹੈ ਜਿਸਦੇ ਨਾਲ ਇੱਕ ਮਿਥਿਆ ਹੋਇਆ ਨੀਮਹਕੀਮੀਕਰਨ ਜਨਮ ਲੈਂਦਾ ਹੈ । ਮੈਂ ਵਿਅਕਤੀਗਤ ਤੌਰ ਤੇ ਕਈ ਅਜਿਹੇ ਲੋਕਾਂ ਨੂੰ ਜਾਣਦਾ ਹਾਂ ਜਿਨ੍ਹਾਂ ਦੀ ਦੱਖਣ ਏਸ਼ੀਆ ਬਾਰੇ ਜਾਣਕਾਰੀ ਤਰਸਯੋਗ ਸੀ ਐਪਰ ਉਹ ਉਨ੍ਹਾਂ ਵਿਸ਼ਵਵਿਦਿਆਲਿਆਂ ਵਿੱਚ ਉਚ ਦਰਜੇ ਦੇ ਵਿਦਿਆਰਥੀਆਂ ਨੂੰ ਦੱਖਣ ਏਸ਼ੀਆ ਸਬੰਧੀ ਨਾਵਲ ਪੜ੍ਹਾ ਰਹੇ ਸਨ , ਜਿੱਥੇ ਉੱਤਰੀ ਅਮਰੀਕੀ ਸਾਮਾਜਕ ਇਤਹਾਸ ਬਾਰੇ ਸਮਾਨ ਪੱਧਰ ਦੀ ਅਗਿਆਨਤਾ ਵਾਲੇ ਅਧਿਆਪਕਾਂ ਨੂੰ ਮੇਲਵਿਲੇ ਜਾਂ ਹੇਨਰੀ ਜੇਮਸ ਦੀਆਂ ਕਿਤਾਬਾਂ ਨੂੰ ਪੜ੍ਹਾਉਣ ਦੀ ਵੀ ਆਗਿਆ ਨਹੀਂ ਦਿੱਤੀ ਜਾਂਦੀ । ਇੱਥੇ ਇੱਕ ਵਿਚਾਰਰਹਿਤ ਪੂਰਵਕਲਪਨਾ ਹੈ ਕਿ ਤੁਸੀਂ ਮੁਕਾਬਲਤਨ ਘੱਟ ਸੰਘਣੀਆਂ ਸਭਿਆਚਾਰਕ ਕਲਾਕ੍ਰਿਤੀਆਂ ਦਾ ਅਧਿਅਨ ਕਰ ਰਹੇ ਹੋ ਇਸ ਲਈ ਉਨ੍ਹਾਂ ਦੀ ਵਿਆਖਿਆ ਕਰਨ ਲਈ ਬਹੁਤ ਜਿਆਦਾ ਗਿਆਨ ਦੀ ਲੋੜ ਨਹੀਂ ਜਾਂ ਤੁਹਾਡੇ ਨੇਕ ਇਰਾਦੇ ਹੀ ਤੁਹਾਡੀ ਅਗਿਆਨਤਾ ਦੀ ਭਰਪਾਈ ਲਈ ਸਮਰੱਥ ਹਨ। ਦੂਜੇ ਸ਼ਬਦਾਂ ਵਿੱਚ ਮੇਰਾ ਸੰਦੇਹ ਇਹ ਹੈ ਕਿ ਇਸ ਸੰਦਰਭ ਵਿੱਚ ਵਿਸ਼ਵ ਸਾਹਿਤ ਦੇ ਸੰਕਲਪ ਦਾ ਅਨੁਕਰਣ ਇੱਕ ਨੈਤਿਕ ਲੋੜ ਦੇ ਤੌਰ ਤੇ ਕੀਤਾ ਜਾ ਰਿਹਾ ਹੈ ਅਤੇ ਉਸ ਲੋੜ ਨੂੰ ਆਮ ਤੌਰ ਤੇ ਵੱਡੇ ਹੀ ਸਰਲ ਤਰੀਕੇ ਨਾਲ ਜੀਆ ਜਾਂਦਾ ਹੈ । ਮੇਰਾ ਭਾਵ ਇਹ ਨਹੀਂ ਹੈ ਕਿ ਰਾਸ਼ਟਰੀ ਸਾਹਿਤਾਂ ਨੂੰ ਪੜ੍ਹਾਉਣ ਵਾਲੇ , ਮੇਲਵਿਲੇ ਯਾ ਜੇਮਸ ਨੂੰ ਪੜ੍ਹਾਉਣ ਵਾਲੇ ਸਾਰੇ ਹੀ ਅਧਿਆਪਕ ਵਿਦਵਾਨ ਅਤੇ ਪ੍ਰਬੁੱਧ ਹੁੰਦੇ ਹਨ । ਐਪਰ ਆਮ ਤੌਰ ਤੇ ਪ੍ਰਬੁੱਧ ਅਧਿਆਪਨ ਲਈ ਕੁੱਝ ਮਿਆਰ ਨਿਰਧਾਰਤ ਕੀਤੇ ਗਏ ਹਨ । ਅਜੇ ਤੱਕ ਵਿਸ਼ਵ ਸਾਹਿਤ ਦੇ ਮਾਮਲਿਆਂ ਵਿੱਚ ਅਜਿਹੇ ਮਿਆਰਾਂ ਦੀ ਕਮੀ ਹੈ ।

ਸੰਖੇਪ ਵਿੱਚ , ਵਿਸ਼ਵ ਸਾਹਿਤ ਵਿਸ਼ਵਵਿਆਪਕ ਅਕਾਂਖਿਆ ਦਾ ਦੁਮੇਲ ਹੈ । ਐਪਰ ਜ਼ਮੀਨੀ ਹਕੀਕਤ ਇਹ ਹੈ ਕਿ ਵਾਸਤਵ ਵਿੱਚ ਛੋਟੇ ਟੁਕੜੇ ਚੁਣਨ ਅਤੇ ਉਨ੍ਹਾਂ ਨੂੰ ਤਰਾਸ਼ਣ ਦਾ ਕੋਈ ਵਿਕਲਪ ਨਹੀਂ , ਚਾਹੇ ਉਨ੍ਹਾਂ ਟੁਕੜਿਆਂ ਨੂੰ ਕੁੱਝ ਵੀ ਕਿਹਾ ਜਾਵੇ । ਉੱਤਰੀ ਅਮਰੀਕੀ ਸਾਹਿਤਕ ਜਗਤ ਵਿੱਚ ਜਿਸਨੂੰ ਥਿਊਰੀ ਕਿਹਾ ਜਾਂਦਾ ਹੈ ਇਸਨੇ ਇਨ੍ਹਾਂ ਮਾਮਲਿਆਂ

ਵਿੱਚ ਕਠੋਰ ਜਾਬਤੇ ਨੂੰ ਉਤਸਾਹਿਤ ਕਰਨ ਦੀ ਬਜਾਏ ਨੀਮਹਕੀਮੀਕਰਨ ਨੂੰ ਉਤਸਾਹਿਤ ਕੀਤਾ ਹੈ , ਜਿਸ ਬਾਰੇ ਮੈਂ ਪਹਿਲੇ ਚਰਚਾ ਕਰ ਰਿਹਾ ਸੀ ।

ਪ੍ਰਸ਼ਨ : ਅਜਿਹਾ ਪ੍ਰਤੀਤ ਹੁੰਦਾ ਹੈ ਕਿ ਸੰਯੁਕਤ ਰਾਜ ਅਤੇ ਬਰਤਾਨੀਆ ਦੇ ਸਿਖਿਆਵਿਦ ਸਾਮਾਜਕ ਅਤੇ ਰਾਜਨੀਤਕ ਤੌਰ ਤੇ ਅਲਗ- ਥਲਗ ਹਨ । ਉਦਾਹਰਣ ਲਈ ਸੰਯੁਕਤ ਰਾਜ ਵਿੱਚ ਰਾਜਨੀਤਕ ਸਬੰਧਾਂ ਦੀ ਪਰੰਪਰਾ ਨਹੀਂ ਹੈ ( ਜਿਵੇਂ ਕਿ ਫ਼ਰਾਂਸ ਵਿੱਚ ਹੈ ਜਿੱਥੇ ਪੂਰੀਆਂ ਦੀਆਂ ਪੂਰੀਆਂ ਪੀੜੀਆਂ ਫਰਾਂਸੀਸੀ ਕਮਿਉਨਿਸਟ ਪਾਰਟੀ ਨਾਲ ਜੁੜੀਆਂ ਸਨ) । ਬਰਤਾਨੀਆ ਵਿੱਚ ਜੋ ਸੰਬੰਧ ਰਹੇ ਹਨ ( ਕਮਿਉਨਿਸਟ ਪਾਰਟੀ ਆਫ ਗਰੇਟ ਬ੍ਰਿਟੇਨ ਦੇ ਅੰਦਰ ਕਰਿਸਟੋਫਰ ਕਾਡਵਿਲ ਜਾਂ ਈ ਪੀ ਥਾਮਸਨ ਵਰਗੇ ਇਤਿਹਾਸਕਾਰਾਂ ਦਾ ਗਰੁਪ ) ਉਹ ਆਪਣੇ ਵਿਦਿਅਕ ਕਾਰਜ ਦੇ ਵਿਆਪਕ ਪ੍ਰਭਾਵ ਦੇ ਬਾਵਜੂਦ ਵੱਡਾ ਰਾਜਨੀਤਕ ਸਮਰਥਨ ਨਹੀਂ ਜੁਟਾ ਪਾਏ । ਕੀ ਤੁਸੀਂ ਅਜਿਹਾ ਸਮਝਦੇ ਹੋ ਕਿ ਇਹ ਸਾਮਾਜਕ ਅਲਹਿਦਗੀ ਅਟਲਾਂਟਿਕ ਅਕਾਦਮਿਕ ਜੀਵਨ ਦਾ ਸਥਾਈ ਚਰਿੱਤਰ ਬਣ ਜਾਵੇਗੀ ? ਕੀ ਅਸ਼ਵੇਤਾਂ ਅਤੇ ਸਮਲਿੰਗਕਾਂ ਵਰਗੇ ਪਹਿਚਾਣ ਸਮੂਹਾਂ ਜਾਂ ਕਿਸੇ ਖਾਸ ਹਿੱਤ ਵਿੱਚ ਹੀ ਸਿਧਾਂਤ ਅਤੇ ਅਮਲ ਦੇ ਵਿੱਚ ਕਿਸੇ ਪ੍ਰਕਾਰ ਦਾ ਲਾਭਦਾਇਕ ਸੰਬੰਧ ਹੋਵੇਗਾ ਜਾਂ ਇਨ੍ਹਾਂ ਸਮੂਹਾਂ ਨੂੰ ਵੀ ਜੁਦਾਈ ਦਾ ਸਾਹਮਣਾ ਕਰਨਾ ਪਵੇਗਾ । ਜਿਵੇਂ ਕਿ ਨਾਰੀਵਾਦ ਦੇ ਨਾਲ ਪਹਿਲੇ ਹੀ ਹੋ ਚੁੱਕਿਆ ਹੈ ?

ਅਹਿਮਦ : ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ , ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਬੁੱਧੀਜੀਵੀਆਂ ਦੀ ਜੋ ਭੂਮਿਕਾ ਹੁੰਦੀ ਹੈ , ਉਹ ਬਹੁਤ ਹੀ ਮੁਸ਼ਕਲ ਮਸਲਾ ਹੈ । ਇਸ ਵਿੱਚ ਨਿਸ਼ਚਿਤ ਤੌਰ ਉੱਤੇ ਖਾਸ ਆਦਮੀਆਂ ਦੀ ਏਜੰਸੀ ਅਤੇ ਫਰਜ ਦੇ ਪ੍ਰਸ਼ਨ ਹੁੰਦੇ ਹਨ , ਵਿਸ਼ੇਸ਼ ਤੌਰ ਤੇ ਹਾਲਾਂਕਿ ਦਾਨਸ਼ਵਰਾਂ ਦੀ ਪਰਿਸ਼ਦ ਵਿੱਚ ਉਨ੍ਹਾਂ ਦਾ ਸਥਾਨ ਬੁੱਧੀਜੀਵੀਆਂ ਨੂੰ ਆਪਣੀ ਏਜੰਸੀ ਦਾ ਪੂਰੇ ਸਮਾਜ ਲਈ ਇਸਤੇਮਾਲ ਕਰਨ ਦੇ ਜ਼ਿਕਰਯੋਗ ਮੌਕੇ ਦਿੰਦਾ ਹੈ । ਐਪਰ ਇਹ ਇੱਕ ਦਿੱਤੇ ਹੋਏ ਸਮੇਂ ਵਿੱਚ ਕਿਸੇ ਖਾਸ ਸਥਾਨ ਉੱਤੇ ਕਿਸੇ ਖਾਸ ਰਾਜਸੀ ਖੇਤਰ ਦਾ ਗਠਨ ਕਿਸ ਪ੍ਰਕਾਰ ਹੋਇਆ ਹੈ , ਇਹ ਵੀ ਵਿਸ਼ਾ ਹੈ । 1930 ਦੇ ਦਹਾਕੇ ਦੇ ਬਾਅਦ ਸੰਯੁਕਤ ਰਾਜ ਵਿੱਚ ਕੋਈ ਜਾਨਦਾਰ ਕਿਰਤੀ ਅੰਦੋਲਨ ਨਹੀਂ ਹੋਇਆ । ਇਸ ਹਾਲਤ ਵਿੱਚ ਕ੍ਰਾਂਤੀਕਾਰੀ ਵਿਚਾਰਾਂ ਵਾਲੇ ਸਿਖਿਆਵਿਦਾਂ ਲਈ ਇਹ ਮੰਨਣਾ ਮੁਕਾਬਲਤਨ ਬਹੁਤ ਆਸਾਨ ਹੋ ਜਾਂਦਾ ਹੈ ਕਿ ਅਕਾਦਮੀ ਦੇ ਬਾਹਰ ਉਹ ਕਿਸੇ ਦੇ ਪ੍ਰਤੀ ਉੱਤਰਦਾਈ ਨਹੀਂ ਹਨ । ਉਹ ਹੁਣ ਮਿਹਨਤਕਸ਼ ਜਮਾਤ ਨੂੰ ਆਪਣੀ ਅਸਫਲਤਾਵਾਂ ਲਈ ਦੋਸ਼ੀ ਠਹਿਰਾ ਸਕਦੇ ਹਨ ਅਤੇ ਇਨ੍ਹਾਂ ਅਸਫਲਤਾਵਾਂ ਵਿੱਚ ਆਪਣੇ ਯੋਗਦਾਨ ਬਾਰੇ ਉਨ੍ਹਾਂ ਨੂੰ ਸੋਚਣ ਦੀ ਲੋੜ ਨਹੀਂ । ਐਪਰ ਅਖੀਰ ਮਿਹਨਤਕਸ਼ ਜਮਾਤ ਦਾ ਅੰਦੋਲਨ ਹਮੇਸ਼ਾ ਬੁੱਧੀਜੀਵੀਆਂ ਦੇ ਮਹੱਤਵਪੂਰਣ ਸਹਿਯੋਗ ਉੱਤੇ ਨਿਰਭਰ ਰਿਹਾ ਹੈ ਅਤੇ ਮੈਨੂੰ ਲੱਗਭੱਗ ਲੱਗਦਾ ਹੈ ਕਿ ਬੁੱਧੀਜੀਵੀਆਂ ਉੱਤੇ ਜੋ ਆਸ਼ਰਿਤ ਹਨ ਜਿਨ੍ਹਾਂ ਦੇ ਕੋਲ ਉਨ੍ਹਾਂ ਦੇ ਆਮ ਬੌਧਿਕ ਸਭਿਆਚਾਰ ਦੇ ਸੋਮੇ ਸਾਧਨ ਨਹੀਂ ਹਨ , ਉਨ੍ਹਾਂ ਦੇ ਸਮਰਥਨ ਵਿੱਚ ਉਨ੍ਹਾਂ ਨੇ ਕੀ ਕੀਤਾ ਅਤੇ ਕੀ ਨਹੀਂ ਕੀਤਾ , ਇਸਦਾ ਬੁੱਧੀਜੀਵੀਆਂ ਨੂੰ ਪੂਰਾ ਚਾਨਣ ਹੋਣਾ ਚਾਹੀਦਾ ਹੈ । ਕੀ ਤੁਸੀਂ 1953 ਵਿੱਚ ਪੂਰਬੀ ਜਰਮਨੀ ਵਿੱਚ ਕੀਤੇ ਗਏ ਦਮਨ ਉੱਤੇ ਬਰੇਖਤ ਦੁਆਰਾ ਰਚਿਤ ਉਸ ਖੰਡਨਕਾਰੀ ਕਵਿਤਾ ਬਾਰੇ ਜਾਣਦੇ ਹੋ ਜਿਸ ਵਿੱਚ ਉਨ੍ਹਾਂ ਨੇ ਵਿਅੰਗ ਦੇ ਨਾਲ ਲਿਖਿਆ ਕਿ ਜਦੋਂ ਕੋਈ ਜਨਸਮੂਹ ਆਪਣੇ ਨੇਤਾਵਾਂ ਦਾ ਵਿਸ਼ਵਾਸ ਖੋਹ ਦਿੰਦਾ ਹੈ ਤਾਂ ਉਨ੍ਹਾਂ ਨੇਤਾਵਾਂ ਨੂੰ ਦੂਜੀ ਜਨਤਾ ਚੁਣਨ ਦਾ ਅਖਤਿਆਰ ਹੈ ? ਕਈ ਵਾਰ ਮੈਨੂੰ ਲੱਗਦਾ ਹੈ ਕਿ ਸੰਯੁਕਤ ਰਾਜ ਦੇ ਕਈ ਕ੍ਰਾਂਤੀਵਾਦੀ ਉਸ ਦੂਜੀ ਜਨਤਾ ਦੀ ਤਲਾਸ਼ ਵਿੱਚ ਹਨ ਜਿਨ੍ਹਾਂ ਨੂੰ ਉਹ ਇਸ ਪ੍ਰਕਾਰ ਚੁਣ ਸਕਣ । ਜਨਤਕ ਅਧਾਰ ਉੱਤੇ ਨਿਰਭਰ

ਰਾਜਨੀਤੀ ਤੋਂ ਜਿਸ ਜੁਦਾਈ ਦੀ ਤੁਸੀਂ ਗੱਲ ਕਰ ਰਹੇ ਹੈ ਉਹ ਦਰਅਸਲ ਕੇਵਲ ਵਰਤਮਾਨ ਵਿੱਚ ਸਹੀ ਹੈ ਅਤੇ ਵਿਸ਼ੇਸ਼ ਤੌਰ ਤੇ ਸਾਹਿਤਕ ਸਭਿਆਚਾਰਕ ਆਲੋਚਕਾਂ ਦੇ ਵਿੱਚ ਹੀ । ਸੰਯੁਕਤ ਰਾਜ ਵਿੱਚ ਸਾਲ 1968 ਨੂੰ ਹਮੇਸ਼ਾ ਇਸ ਗੱਲ ਦਾ ਕ੍ਰੈਡਿਟ ਦਿੱਤਾ ਜਾਵੇਗਾ ਕਿ ਇਸਨੇ ਇਤਹਾਸ ਦੇ ਸਭ ਤੋਂ ਵੱਡੇ ਸ਼ਾਂਤੀ ਅੰਦੋਲਨ ਦਾ ਆਯੋਜਨ ਕੀਤਾ । ਆਪਣੀ ਹੀ ਸਰਕਾਰ ਦੁਆਰਾ ਚਲਾਏ ਜਾ ਰਹੇ ਯੁੱਧ ਦੇ ਖਿਲਾਫ ਸ਼ਾਇਦ ਹੀ ਕਿਸੇ ਦੇਸ਼ ਨੇ ਇੰਨਾ ਵੱਡਾ ਸ਼ਾਂਤੀ ਅੰਦੋਲਨ ਵੇਖਿਆ ਹੋਵੇ । ਸੰਯੁਕਤ ਰਾਜ ਦੇ ਖੱਬੇਪੱਖੀ ਵਿਚਾਰਾਂ ਵਾਲੇ ਵਿਆਪਕ ਖੇਤਰਾਂ ਦੇ ਲੋਕਾਂ ਨੇ ਇਸ ਅੰਦੋਲਨ ਦੇ ਆਯੋਜਨ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਇਹ ਅੰਦੋਲਨ ਇੱਕ ਪ੍ਰੇਤ ਹੈ ਜੋ ਉੱਤਰੀ ਅਮਰੀਕੀ ਨੂੰ ਅਜੇ ਵੀ ਪ੍ਰੇਸ਼ਾਨ ਕਰਦਾ ਹੈ । ਅੱਜ ਸੰਯੁਕਤ ਰਾਜ ਦੇ ਕ੍ਰਾਂਤੀਵਾਦੀ ਵਿਚਾਰ ਵਾਲੇ ਲੋਕ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਅਲਗ – ਥਲਗ ਪੈ ਗਏ ਹਨ ਅਤੇ ਉਨ੍ਹਾਂ ਵਿੱਚ ਰਿਜਕਵਾਦ ਜੋਰਾਂ ਉੱਤੇ ਹੈ । ਐਪਰ ਕਈ ਜੋ ਇਸ ਕਾਰਜ ਵਿੱਚ ਈਮਾਨਦਾਰੀ ਨਾਲ ਲੱਗੇ ਹਨ ਉਹ ਠੀਕ ਹੀ ਅੱਛਾ ਕੰਮ ਕਰ ਰਹੇ ਹਨ ਕਿਉਂਕਿ ਉਹ ਉਸ ਵਿਰਾਸਤ ਨੂੰ ਸਨਮਾਨਿਤ ਕਰਨਾ ਚਾਹੁੰਦੇ ਹਨ । ਉਨ੍ਹਾਂ ਵਿਚੋਂ ਨੋਮ ਚੋਮਸਕੀ ਸਭ ਤੋਂ ਜਿਆਦਾ ਪ੍ਰੇਰਣਾਦਾਇਕ ਹਨ । ਚੋਮਸਕੀ ਦੀ ਸਰਗਰਮੀ 1960 ਦੇ ਦਹਾਕੇ ਦੇ ਅੱਧ ਤੋਂ ਲੈ ਕੇ ਹੁਣ ਤੱਕ ਦੇ ਪੂਰੇ ਅਰਸੇ ਦੌਰਾਨ ਰਹੀ ਹੈ । ਐਪਰ ਉਨ੍ਹਾਂ ਦੇ ਇਲਾਵਾ ਹੋਰ ਵੀ ਕਈ ਹਨ ਜੋ ਓਨੇ ਪ੍ਰਸਿਧ ਨਹੀਂ ਹੈ । ਉਹ ਵੀ ਸਾਡੇ ਸ਼ੁਕਰਾਨੇ ਦੇ ਪਾਤਰ ਹਨ ਕਿਉਂਕਿ ਜਿਵੇਂ ਕਿ ਚੇ ਨੇ ਇੱਕ ਵਾਰ ਕਿਹਾ ਸੀ ਕਿ ਉਹ ਹਿੰਸਕ ਡੰਗਰ ਦੇ ਢਿੱਡ ਵਿੱਚ ਰਹਿ ਰਹੇ ਹਨ , ਜੋ ਕਿ ਤੁਸੀਂ ਜਾਣਦੇ ਹੋ ਕਿ ਬਿਹਤਰੀਨ ਨਿਵਾਸ ਸਥਾਨ ਨਹੀਂ ਹੈ ।

ਬਰਤਾਨੀਆ ਵਿੱਚ ਪ੍ਰਤੱਖ ਤੌਰ ਤੇ ਸਰਗਰਮ ਬੁੱਧੀਜੀਵੀਆਂ ਦੀ ਪਰੰਪਰਾ ਮੁਕਾਬਲਤਨ ਵਿਆਪਕ ਅਤੇ ਨਿਰੰਤਰ ਹੈ ਐਪਰ ਇਹ ਵੀ ਇਸ ਲਈ ਹੈ ਕਿ ਬਰਤਾਨੀਆ ਵਿੱਚ ਮਿਹਨਤਕਸ਼ ਜਮਾਤ ਦੀ ਰਾਜਨੀਤੀ ਦੀ ਮੁਕਾਬਲਤਨ ਜਿਆਦਾ ਜਾਨਦਾਰ ਪਰੰਪਰਾ ਰਹੀ ਹੈ । ਇਸਨੇ ਬ੍ਰਿਟਿਸ਼ ਬੁੱਧੀਜੀਵੀਆਂ ਨੂੰ ਜਿਆਦਾ ਠੋਸ ਆਧਾਰ ਦਿੱਤਾ ਹੈ । ਹਾਲਾਂਕਿ ਮਿਹਨਤਕਸ਼ ਜਮਾਤ ਉੱਤੇ ਲੇਬਰ ਪਾਰਟੀ ਦਾ ਜਬਰਦਸਤ ਦਬਦਬਾ ਰਿਹਾ ਹੈ ਅਤੇ ਕਈ ਬੁੱਧੀਜੀਵੀਆਂ ਨੂੰ ਬਹੁਤ ਕਠਿਨ ਪਬਲਿਕ ਜੀਵਨ ਜੀਣਾ ਪਿਆ । ਉਹ ਇੱਕ ਤਰਫ ਸਤਾਲਿਨਵਾਦ ਅਤੇ ਦੂਜੇ ਪਾਸੇ ਲੇਬਰਵਾਦ ਦੇ ਵਿੱਚ ਵਿੱਚ ਬੁਰੀ ਤਰ੍ਹਾਂ ਪਿਸ ਗਏ ਸਨ । ਉਨ੍ਹਾਂ ਵਿਚੋਂ ਕਈਆਂ ਨੂੰ ਕਾਫ਼ੀ ਵੱਡੀ ਕੀਮਤ ਚੁਕਾਉਣੀ ਪਈ ਅਤੇ ਇਹਨਾਂ ਵਿੱਚ ਸੀ ਪੀ ਜੀ ਬੀ ਨੂੰ ਛੱਡਣ ਅਤੇ ਨਾਲ ਰਹਿਣ ਵਾਲੇ ਦੋਨੋਂ ਸ਼ਾਮਿਲ ਹਨ । ਮੈਂ ਦਰਅਸਲ ਵਿਲੀਅਮਸ ਨੂੰ ਉਨ੍ਹਾਂ ਬੁੱਧੀਜੀਵੀਆਂ ਵਿੱਚ ਸ਼ਾਮਿਲ ਕਰਾਂਗਾ ਜਿਨ੍ਹਾਂ ਨੂੰ ਬਹੁਤ ਵੱਡੀ ਕੀਮਤ ਚੁਕਾਉਣੀ ਪਈ ਸੀ । ਇਹ ਹਕੀਕਤ ਉਨ੍ਹਾਂ ਦੀ ਗਦ ਵਿੱਚ ਵੀ ਝਲਕਦੀ ਹੈ ।

ਤੁਸੀਂ ਤੁਲਣਾ ਲਈ ਫ਼ਰਾਂਸ ਦਾ ਉਦਾਹਰਣ ਦਿੱਤਾ ਹੈ । ਮੈਂ ਇਸਦੇ ਸਮੀਪਵਰਤੀ ਇਟਲੀ ਦਾ ਭੀ ਉਦਾਹਰਣ ਦੇਣਾ ਚਾਹਾਂਗਾ । ਦੋਨਾਂ ਮਾਮਲਿਆਂ ਵਿੱਚ ਕਮਿਉਨਿਸਟ ਪਾਰਟੀਆਂ ਫਾਸ਼ੀਵਾਦ ਵਿਰੋਧੀ ਸੰਘਰਸ਼ਾਂ ਵਿੱਚੋਂ ਵਿਸ਼ਾਲ ਜਨਸੰਗਠਨਾਂ ਦੇ ਤੌਰ ਤੇ ਉਭਰੀਆਂ ਜਿਨ੍ਹਾਂ ਦੇ ਕੋਲ ਖੁਦਮੁਖਤਿਆਰੀ ਦੀ ਅਪਾਰ ਦੌਲਤ ਸੀ । ਹੁਣ ਇਹ ਚੇਤੇ ਕਰਨਾ ਔਖਾ ਹੈ ਕਿ 1946 ਵਿੱਚ ਪੀ ਸੀ ਐਫ਼ ਫ਼ਰਾਂਸ ਦੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਸੀ । 1930 ਦੇ ਦਹਾਕੇ ਵਿੱਚ ਇਸਨੇ ਫਾਸ਼ੀਵਾਦ ਦੇ ਵਿਰੁਧ ਪਹਿਲੇ ਹੀ ਬਹੁਤ ਵੱਡੀ ਭੂਮਿਕਾ ਅਦਾ ਕੀਤੀ ਸੀ । ਉਸਦੇ ਬਾਅਦ ਇਸਨੇ ਯੁੱਧ ਦੇ ਦੌਰਾਨ ਪ੍ਰਤੀਰੋਧ ਵਿੱਚ ਅਹਿਮ ਭੂਮਿਕਾ ਨਿਭਾਈ । ਇਸ ਸਭ ਦੇ ਵਿੱਚ ਇਸਤਰੀ ਅਧਿਕਾਰਾਂ ਦਾ ਮਾਮਲਾ ਸੀ । ਫਰਾਂਸੀਸੀ ਔਰਤਾਂ ਨੇ 1944 ਵਿੱਚ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਕੀਤਾ । ਇਸਦੀ ਅਗਲੀ ਸਵੇਰ ਤੋਂ ਹੀ ਕਈ

ਪਿਤਾਸ਼ਾਹੀ ਕਨੂੰਨ ਢਹਿਢੇਰੀ ਹੋਣ ਲੱਗੇ । ਇਸ ਸਭ ਕੁਝ ਦੇ ਵਿਰੁਧ ਸੱਜੇਪੱਖੀ ਸਨ , ਜਿਨ੍ਹਾਂ ਨੇ 1789 ਦੇ ਮੁਕਤੀ ਅੰਦੋਲਨ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ , ਜਿਨ੍ਹਾਂ ਨੇ ਗਣਤੰਤਰ ਵਿੱਚ ਕਦੇ ਵੀ ਵਿਸ਼ਵਾਸ ਨਹੀਂ ਕੀਤਾ ; ਜਿਨ੍ਹਾਂ ਨੇ ਮਾਰਸ਼ਲ ਪਲਾਨ ਅਤੇ ਠੰਡੀ ਜੰਗ ਦੇ ਨਾਲ ਆਏ ਅਮਰੀਕੀ ਗਲਬੇ ਦਾ ਸਵਾਗਤ ਕੀਤਾ ਅਤੇ ਜਿਨ੍ਹਾਂ ਨੇ 1949 ਵਿੱਚ ਪ੍ਰਕਾਸ਼ਿਤ ਸਿਮੋਨ ਡੀ ਬੀਉਰ ਦੀ ਸੈਕੰਡ ਸੈਕਸ ਵਰਗੀਆਂ ਕਿਤਾਬਾਂ ਨਾਲ ਨਫਰਤ ਕੀਤੀ । ਫਰਾਂਸੀਸੀ ਬੁੱਧੀਜੀਵੀਆਂ ਦੀਆਂ ਦੋ ਪੀੜੀਆਂ ਪੀ ਸੀ ਐਫ ਦੇ ਬਾਹਰ ਜਾਂ ਅੰਦਰ ਰਹਿਕੇ ਇਨ੍ਹਾਂ ਸੱਚਾਈਆਂ ਦਾ ਮੁਕਾਬਲਾ ਕਰ ਰਹੀਆਂ ਸਨ । ਐਪਰ 1968 ਦੀ ਹਾਰ ਦੇ ਬਾਅਦ ਸਰਵਜਨਿਕ ਬੁੱਧੀਜੀਵੀਆਂ ਅਤੇ ਜਨ ਸਧਾਰਨ ਮਿਹਨਤਕਸ਼ ਜਮਾਤ ਦੀ ਰਾਜਨੀਤੀ ਵਿੱਚਕਾਰ ਇਹ ਵਿਸ਼ੇਸ਼ ਸੰਬੰਧ ਫ਼ਰਾਂਸ ਵਿੱਚ ਵੀ ਤੇਜੀ ਨਾਲ ਢਲਾਣ ਦੇ ਵੱਲ ਜਾ ਰਿਹਾ ਹੈ ।

ਮੇਰਾ ਮਨਸ਼ਾ ਇਹ ਹੈ ਕਿ ਬੁੱਧੀਜੀਵੀਆਂ ਦੁਆਰਾ ਅਦਾ ਕੀਤੀ ਗਈ ਭੂਮਿਕਾ ਦਾ ਸੰਬੰਧ ਉਨ੍ਹਾਂ ਦੇ ਆਪਣੇ ਲਈ ਚੁਣੇ ਗਏ ਵਿਵਹਾਰਕ ਵਿਕਲਪਾਂ ਨਾਲ ਹੁੰਦਾ ਹੈ ਐਪਰ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਬੁੱਧੀਜੀਵੀ ਵੀ ਵਿਅਕਤੀਗਤ ਤੌਰ ਤੇ ਅਤੇ ਸਮੂਹਿਕ ਤੌਰ ਤੇ ਇਤਹਾਸ ਦੇ ਉਨ੍ਹਾਂ ਅੰਦੋਲਨਾਂ ਵਿੱਚ ਫਸ ਜਾਂਦੇ ਹਨ ਜੋ ਉਨ੍ਹਾਂ ਤੋਂ ਵੱਡੇ ਹੁੰਦੇ ਹਨ ।

ਐਪਰ ਤੁਸੀਂ ਮੇਰੇ ਕੋਲੋਂ ਸੰਯੁਕਤ ਰਾਜ ਵਿੱਚ ਕ੍ਰਾਂਤੀਕਾਰੀ ਬੁੱਧੀਜੀਵੀਆਂ ਦੇ ਭਵਿੱਖ ਬਾਰੇ ਪੁੱਛਿਆ ਹੈ ਅਤੇ ਅਸ਼ਵੇਤਾਂ ਅਤੇ ਸਮਲਿੰਗਕਾਂ ਦਾ ਅਤੇ ਇੱਕ ਤਰ੍ਹਾਂ ਨਾਲ ਨਾਰੀਵਾਦ ਦਾ ਉਦਾਹਰਣ ਦਿੰਦੇ ਹੋਏ ਹਿੱਤ ਅਤੇ ਪਹਿਚਾਣ ਸਮੂਹਾਂ ਬਾਰੇ ਕੁੱਝ ਉਤੇਜਕ ਗੱਲਾਂ ਕਹੀਆਂ ਹਨ । ਪਹਿਲੇ ਮੈਂ ਇਨ੍ਹਾਂ ਉਦਾਹਰਣਾਂ ਬਾਰੇ ਆਪਣੀ ਰਾਏ ਦੇਣਾ ਚਾਹਾਂਗਾ । ਇਹ ਕਹਿਣ ਦੀ ਲੋੜ ਨਹੀਂ ਕਿ ਸਾਰਿਆਂ ਨੂੰ ਸਮਾਨ ਅਧਿਕਾਰ ਮਿਲਣੇ ਚਾਹੀਦੇ ਹਨ । ਐਪਰ ਰਾਜਨੀਤਕ ਖੇਤਰ ਦੇ ਸੰਬੰਧ ਵਿੱਚ ਕਈ ਅਨਿਸ਼ਚਿਤਤਾਵਾਂ ਹਨ । ਉਦਾਹਰਣ ਲਈ ਸਮਲਿੰਗਕ ਅਧਿਕਾਰ ਅੰਦੋਲਨ ਨਾਗਰਿਕ ਸਮਾਜ ਅਤੇ ਰਾਜ ਜਾਂ ਅਖੌਤੀ ਤੌਰ ਤੇ ਨਿਜੀ ਅਤੇ ਪਬਲਿਕ ਦਾ ਫਰਕ ਨਹੀਂ ਮੰਨਦਾ । ਕੁੱਝ ਅਜਿਹੀਆਂ ਤਰਮੀਮਾਂ ਹਨ ਜੋ ਕੇਵਲ ਰਾਜ ਹੀ ਕਰ ਸਕਦਾ ਹੈ ਅਤੇ ਸੰਯੁਕਤ ਰਾਜ ਦੀ ਸੰਰਚਨਾ ਵਿੱਚ ਅਜਿਹਾ ਕੁੱਝ ਨਹੀਂ ਜੋ ਇਨ੍ਹਾਂ ਤਰਮੀਮਾਂ ਨੂੰ ਕਰਨ ਤੋਂ ਰੋਕਦਾ ਹੋਵੇ । ਜਦੋਂ ਮੈਂ ਇਹ ਕਹਿੰਦਾ ਹਾਂ ਕਿ ਰਾਜਨੀਤਕ ਖੇਤਰ ਵਿੱਚ ਅਜਿਹਾ ਕੁੱਝ ਨਹੀਂ ਜੋ ਸੰਯੁਕਤ ਰਾਜ ਦੀ ਸਰਕਾਰ ਨੂੰ ਸਮਲਿੰਗਕ ਅਧਿਕਾਰ ਅੰਦੋਲਨਾਂ ਦੇ ਦਬਾਵਾਂ ਨੂੰ ਵਿਵਹਾਰਵਾਦ ਅਤੇ ਬਹੁਵਾਦ ਦੀਆਂ ਅਧਿਕਾਰ ਪ੍ਰਾਪਤ ਵਿਚਾਰਧਾਰਾਵਾਂ ਦੇ ਅੰਦਰ ਸਾਮਲ ਕਰਨ ਤੋਂ ਰੋਕਦਾ ਹੋਵੇ ਤਾਂ ਇਸਦੇ ਪਿੱਛੇ ਮੇਰੀ ਬਿਲਕੁਲ ਇਹ ਇੱਛਾ ਨਹੀਂ ਹੁੰਦੀ ਕਿ ਸਮਲਿੰਗਕਤਾ ਦੇ ਵਿਰੁਧ ਤੁਅਸਬ ਦੀ ਸੀਮਾ ਘੱਟ ਹੋਵੇ ।

ਇੱਕ ਅਰਥ ਵਿੱਚ ਔਰਤਾਂ ਅਤੇ ਅਸ਼ਵੇਤਾਂ ਦੀ ਹਾਲਤ ਬਿਲਕੁਲ ਭਿੰਨ ਹੈ । ਉਨ੍ਹਾਂ ਦੇ ਵਿਰੁਧ ਵਿਆਪਕ ਤੁਅਸਬ ਹਨ ਅਤੇ ਇਹ ਸਾਮਾਜਕ ਤੁਅਸਬ ਉਨ੍ਹਾਂ ਦੇ ਪ੍ਰਤੀ ਰਾਜ ਦੇ ਵਿਵਹਾਰ ਵਿੱਚ ਪ੍ਰਤੀਬਿੰਬਤ ਹੁੰਦੇ ਹਨ । ਐਪਰ ਮੇਰੇ ਦਿਮਾਗ ਵਿੱਚ ਕੁੱਝ ਹੋਰ ਹੈ । ਵਧੇਰੇ ਕਰਕੇ ਬਲੈਕ ਸੰਯੁਕਤ ਰਾਜ ਦੀ ਮਾਲੀ ਹਾਲਤ ਦੇ ਇੱਕ ਸਪਸ਼ਟ ਨਿਮਨ ਵਰਗ ਦਾ ਨਿਰਮਾਣ ਕਰਦੇ ਹਨ ਅਤੇ ਦਾਸ ਕਾਲ ਤੋਂ ਹੀ ਇਸਦੀ ਪੁਨਰਾਵ੍ਰੱਤੀ ਹੁੰਦੀ ਰਹੀ ਹੈ । ਸੰਯੁਕਤ ਰਾਜ ਅਤੇ ਹੋਰ ਸਥਾਨਾਂ ਉੱਤੇ ਜਿਆਦਾਤਰ ਔਰਤਾਂ ਘੱਟ ਤਨਖਾਹ ਵਾਲੇ ਕਾਰਜ ਕਰਦੀਆਂ ਹਨ । ਪ੍ਰਮੁੱਖ ਪੂੰਜੀਵਾਦੀ ਦੇਸ਼ਾਂ ਵਿੱਚ ਸਰੀਰਕ ਮਿਹਨਤ ਦਾ ਨਾਰੀਕਰਨ , ਪੂੰਜੀਵਾਦ ਦੁਆਰਾ ਮਜਦੂਰਾਂ ਤੇ ਰਾਜਨੀਤਕ ਹਮਲੇ ਦਾ ਹਿੱਸਾ ਹੈ ਅਤੇ ਔਰਤਾਂ ਦਾ ਉਜਰਤ

ਰਹਿਤ ਘਰੇਲੂ ਕੰਮ ਸਕਲ ਉਜਰਤ ਬਿਲ ਨੂੰ ਘੱਟ ਤੋਂ ਘੱਟ ਰੱਖਣ ਵਿੱਚ ਮੌਲਕ ਘਟਕ ਹੈ ਤਾਂ ਕਿ ਮੁਨਾਫੇ ਦੀ ਕੁੱਝ ਨਿਸਚਿਤ ਦਰ ਸੁਨਿਸਚਿਤ ਕੀਤੀ ਜਾ ਸਕੇ । ਸੰਯੁਕਤ ਰਾਜ ਦੇ ਸਿੱਖਿਅਕ ਅਤੇ ਸਭਿਆਚਾਰਕ ਜੀਵਨ ਦੇ ਕੁੱਝ ਖੇਤਰਾਂ ਵਿੱਚ ਨਾਰੀਵਾਦ ਦੀਆਂ ਜ਼ਿਕਰਯੋਗ ਸਫਲਤਾਵਾਂ ਦੇ ਬਾਵਜੂਦ ਨਿਰਧਨ ਔਰਤਾਂ ਦੀ ਕਮਾਈ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ । ਬਲੈਕ ਯੁਵਕਾਂ ਦੀ ਇੱਕ ਵੱਡੀ ਆਬਾਦੀ ਦੇ ਨਾਲ ਨਿਆਂ ਦਾ ਮਾਮਲਾ ਅਮਰੀਕੀ ਜੀਵਨ ਦੀ ਸਮਗਰਤਾ ਦੇ ਕੇਂਦਰ ਵਿੱਚ ਹੈ ਅਤੇ ਕ੍ਰਾਂਤੀਵਾਦੀ ਪਰਿਵਰਤਨਾਂ ਦੇ ਬਿਨਾਂ ਇਸਦਾ ਪੂਰੀ ਤਰ੍ਹਾਂ ਹੱਲ ਨਹੀਂ ਕੀਤਾ ਜਾ ਸਕਦਾ । ਕੁੱਝ ਗੋਰੀਆਂ , ਉੱਚ ਵਰਗੀ ਨਾਰੀਵਾਦੀ ਆਗੂ ਔਰਤਾਂ ਉਸ ਅਲਹਿਦਗੀ ਨੂੰ ਹੱਲਾਸ਼ੇਰੀ ਦੇ ਸਕਦੀਆਂ ਹਨ , ਜਿਸਦੀ ਤੁਸੀਂ ਚਰਚਾ ਕੀਤੀ , ਐਪਰ ਜਿਆਦਾਤਰ ਔਰਤਾਂ ਅਜਿਹਾ ਨਹੀਂ ਕਰ ਸਕਦੀਆਂ ।

ਇਹ ਵੀ ਕਹਿਣ ਦੀ ਲੋੜ ਨਹੀਂ ਕਿ ਹਰ ਸਮੂਹ ਨੂੰ ਆਪਣੇ ਮੈਂਬਰਾਂ ਲਈ ਲੜਨ ਦਾ ਅਧਿਕਾਰ ਹੈ । ਐਪਰ ਮੈਂ ਗਣਰਾਜ ਬਾਰੇ ਇਸ ਤੋਂ ਕਿਤੇ ਜਿਆਦਾ ਔਖਾ ਪ੍ਰਸ਼ਨ ਉਠਾਉਣਾ ਚਾਹੁੰਦਾ ਹਾਂ । ਅੱਜ ਸਮਾਜਵਾਦੀ ਸਿਧਾਂਤ ਅਤੇ ਅਮਲ ਦੀ ਇੱਕ ਵੱਡੀ ਸਮੱਸਿਆ ਹੈ , ਅੱਡਰੇ ਅਤੇ ਵਿਸ਼ਵਵਿਆਪੀ ਦੇ ਵਿੱਚ , ਸਮੂਹਿਕ ਅਧਿਕਾਰਾਂ ਅਤੇ ਅਵੰਡ ਵਿਸ਼ਵ ਅਧਿਕਾਰਾਂ ਦੇ ਵਿੱਚ , ਇਸਤਰੀ ਦੇ ਤੌਰ ਤੇ ਅਧਿਕਾਰ ਅਤੇ ਨਾਗਰਿਕ ਦੇ ਤੌਰ ਤੇ ਅਧਿਕਾਰ ਦੇ ਵਿੱਚ ਅਤੇ ਮਿਹਨਤਕਸ਼ ਦੇ ਤੌਰ ਤੇ ਅਧਿਕਾਰ । ਇਹ ਸਮੱਸਿਆ ਚਾਹੇ ਨਾਗਰਿਕ ਹੋਵੇ ਜਾਂ ਆਪ੍ਰਵਾਸੀ ਦੇ ਵਿੱਚ ਦਾ ਸੰਬੰਧ ਇਸਦਾ ਉੱਤਰ ਆਧੁਨਿਕਤਾਵਾਦੀ ਜਵਾਬ ਸਰਲ ਹੈ : ਵਿਸ਼ਵਵਿਆਪਕਤਾ ਕਪੋਲ ਕਲਪਨਾ ਹੈ ; ਸਥਾਈ ਪਛਾਣ ਜਾਂ ਪਛਾਣ ਮੁਕਾਮੀ , ਸੰਕਟਕਾਲੀ, ਸੁਤੰਤਰ ਤੌਰ ਤੇ ਚੁਣੇ ਹੋਏ ਹਨ ; ਪਛਾਣ ਦੇ ਅਧਿਕਾਰ ਨਿਰਪੇਖ ਹਨ ਅਤੇ ਆਤਮ – ਤਰਜਮਾਨੀ ਹੀ ਤਰਜਮਾਨੀ ਦਾ ਪ੍ਰਮਾਣਿਕ ਰੂਪ ਹੈ । ਸਥਾਈ ਪਛਾਣ ਨੂੰ ਇੰਨਾ ਸਭ ਤੋਂ ਉੱਪਰ ਬਣਾਉਣਾ ਅਤੇ ਵਿਸ਼ਵਵਿਆਪੀ ਨੂੰ ਇੰਨਾ ਜਲਦੀ ਖ਼ਤਮ ਕਰਨਾ ਮੈਨੂੰ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਖਤਰਨਾਕ ਲੱਗਦਾ ਹੈ । ਉਦਾਹਰਣ ਲਈ ਜੇਕਰ ਤੁਹਾਡੀ ਸਥਾਈ ਪਛਾਣ ਦੇ ਨਿਰਮਾਣ ਵਿੱਚ ਮੈਨੂੰ ਸੰਗਿਆਨ , ਭਾਗੀਦਾਰੀ , ਆਲੋਚਨਾ ਦਾ ਕੋਈ ਅਧਿਕਾਰ ਨਹੀਂ ਹੈ ਤਾਂ ਤੁਸੀਂ ਕਿਸ ਆਧਾਰ ਤੇ ਮੇਰੇ ਸਹਿਯੋਗ ਦੀ ਆਸ਼ਾ ਕਰ ਸਕਦੇ ਹੋ । ਇਸਦਾ ਆਧਾਰ ਤਾਂ ਕੇਵਲ ਮੇਰੀ ਕੁੱਝ ਧਾਰਮਿਕਤਾ ਜਾਂ ਸਵੈਇੱਛਕ ਸਨੇਹਸ਼ੀਲਤਾ ਹੀ ਹੋ ਸਕਦੀ ਹੈ ਜਿਨ੍ਹਾਂ ਨੂੰ ਮੈਂ ਕਿਸੇ ਵੀ ਪਲ ਵਾਪਸ ਲੈ ਸਕਦਾ ਹਾਂ ।

ਇੱਥੇ ਮੈਂ ਇਸ ਸਮੱਸਿਆ ਦੀ ਵਿਵੇਚਨਾ ਨਹੀਂ ਕਰ ਸਕਦਾ । ਇਸ ਲਈ ਮੈਂ ਆਪਣੀ ਗੱਲ ਨੂੰ ਛੋਟੀ ਕਰ ਰਿਹਾ ਹਾਂ । ਤੁਸੀਂ ਸਮਝ ਸਕਦੇ ਹਾਂ ਕਿ ਇਸ ਇਤਿਹਾਸਿਕ ਮੋੜ ਉੱਤੇ ਜਦੋਂ ਭੌਤਿਕ ਵਸਤਾਂ ਤੱਕ ਲੋਕਾਂ ਦੀ ਇੱਕ ਸਮਾਨ ਪਹੁੰਚ ਹੋਣ ਦਾ ਮੁੱਦਾ ਇੱਕ ਵਿਚਾਰਧਾਰਾ ਬਣ ਗਿਆ ਹੈ ਜਿਸਨੂੰ ਮੈਂ ਅਜੇ ਵੀ ਸਮਾਜਵਾਦ ਕਹਿੰਦਾ ਹਾਂ , ਤਾਂ ਪੂੰਜੀਵਾਦੀ ਰਾਜ ਸ਼ਾਇਦ ਉਨ੍ਹਾਂ ਲੋਕਾਂ ਨਾਲ ਗੱਲ ਕਰਨਾ ਚਾਹੁੰਦਾ ਹੈ ਜੋ ਇਸਦਾ ਸਾਹਮਣਾ ਇੱਕਜੁਟ ਹੋਕੇ ਨਹੀਂ ਕਰਦੇ ਸਗੋਂ ਵੱਖ – ਵੱਖ ਬਿਖਰੇ ਹੋਏ ਸਮੁਦਾਇਆਂ ਜਾਂ ਹਿੱਤ ਸਮੂਹਾਂ ਵਿੱਚ ਕਰਦੇ ਹਨ । ਸਮੁਦਾਏ ਅਤੇ ਹਿੱਤ ਸਮੂਹ ਪ੍ਰਤੀਕਾਤਮਕ ਤੌਰ ਤੇ ਸਾਮਾਜਕ ਤੁਅਸਬਾਂ ਅਤੇ ਸਾਮਾਜਕ ਸਰਪਲੱਸ ਦੀ ਵੰਡ ਦਾ ਮੁੱਦਾ ਉਠਾਉਂਦੇ ਹਨ । ਜਾਇਦਾਦ ਦੀ ਮਾਲਕੀ ਦਾ ਮੁੱਦਾ ਤਾਂ ਕੇਵਲ ਵਿਸ਼ਵ ਅਧਿਕਾਰਾਂ ਦੇ ਵਿਮਰਸ਼ ਵਿੱਚ ਹੀ ਉਠਾਇਆ ਜਾ ਸਕਦਾ ਹੈ । ਇੱਕ ਵਾਰ ਵੱਖ – ਵੱਖ ਸਮੂਹਾਂ ਵਿੱਚ ਵੰਡੇ ਜਾਣ ਦੇ ਬਾਅਦ ਸਾਡਾ ਸਰਵਜਨਿਕ ਭਾਸ਼ਣ ਤਾਂ ਇਸ ਗੱਲ ਉੱਤੇ ਜੋਰ ਦਿੰਦਾ ਰਹਿੰਦਾ ਹੈ ਕਿ ਅਸੀਂ ਇੱਕ ਦੂਜੇ ਦੇ ਸਮਾਨ ਅਧਿਕਾਰਾਂ ਵਿੱਚ ਕਿੰਨਾ ਵਿਸ਼ਵਾਸ ਕਰਦੇ ਹਾਂ ਐਪਰ ਰਾਜ ਨਾਲ ਵਾਸਤਵਿਕ ਸੌਦੇਬਾਜੀ ਵਿੱਚ ਹਰ ਸਮੁਦਾਏ ਅਤੇ ਹਰ ਹਿੱਤ ਸਮੂਹ ਸਾਮਾਜਕ ਸਰਪਲੱਸ ਦੇ ਆਪਣੇ ਹਿੱਸੇ ਲਈ ਹੋਰ ਸਾਰਿਆਂ ਨਾਲ ਕੰਪੀਟੀਸ਼ਨ ਕਰਨ ਵਾਲਾ ਜਾਚਕ

ਬਣ ਸਕਦਾ ਹੈ । ਦੂਜੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਜਿਸ ਸਾਮਾਜਕ ਸਰਪਲੱਸ ਉੱਤੇ ਪੂੰਜੀਵਾਦੀ ਰਾਜ ਸ਼ਾਸਨ ਕਰਦਾ ਹੈ ਉਸ ਸਰਪਲੱਸ ਦੇ ਅਨੇਕ ਹੋਰ ਕੰਪੀਟੀਟਿਵ ਇਹ ਨਿਸਚਿਤ ਕਰਨਾ ਚਾਹੁੰਦੇ ਹਨ ਕਿ ਉਹ ਆਪਸ ਵਿੱਚ ਲੜਕੇ ਇੱਕ ਦੂਜੇ ਨੂੰ ਬੇਅਸਰ ਕਰ ਦੇਣ । ਜਦੋਂ ਕਿ ਇਹ ਵਿਸ਼ਵ ਅਧਿਕਾਰਾਂ ਦੀ ਕ੍ਰਾਂਤੀਕਾਰੀ ਰਾਜਨੀਤੀ ਦੇ ਨਾਲ ਅਸਹਿਜ ਅਨੁਭਵ ਕਰਦਾ ਹੈ ਕਿਉਂਕਿ ਇੱਥੇ ਨਹੀਂ ਕੇਵਲ ਕਾਨੂੰਨੀ ਦ੍ਰਿਸ਼ਟੀਕੋਣ ਤੋਂ ਸਗੋਂ ਹਰ ਸੰਭਵ ਪਾਸਾਰ ਤੋਂ , ਵਿਸ਼ੇਸ਼ ਤੌਰ ਤੇ ਆਰਥਕ ਵਸਤਾਂ ਦੇ ਪਾਸਾਰ ਤੋਂ ਸਾਰੇ ਇੱਕ ਦੂਜੇ ਦੇ ਬਰਾਬਰ ਮੰਨੇ ਜਾਂਦੇ ਹਨ। ਮੈਂ ਇੱਥੇ ਜੋ ਕਹਿਣਾ ਚਾਹ ਰਿਹਾ ਹਾਂ ਉਹ ਇਹ ਹੈ ਕਿ ਅੱਡ ਅੱਡ ਸਮੁਦਾਇਆਂ ਦਾ ਸਮੂਹ ਅਹੰਵਾਦ ਬੁਰਜੁਆ ਪੁਰਖ ਦੇ ਇਤਿਹਾਸਿਕ ਅਹੰਵਾਦ ਤੋਂ ਕੋਈ ਖਾਸ ਵੱਖ ਅਤੇ ਬਿਹਤਰ ਨਹੀਂ ਹੈ ਅਤੇ ਸਾਨੂੰ ਰਾਜਨੀਤੀ ਦੇ ਉਨ੍ਹਾਂ ਰੂਪਾਂ ਦੀ ਲੋੜ ਹੈ ਜੋ ਇਸਦੀ ਬਿਖਮਤਾ ਅਤੇ ਵਿਸ਼ਵਵਿਆਪਕਤਾ ਦੋਨਾਂ ਰੂਪਾਂ ਵਿੱਚ ਮਾਨਵੀ ਵਿਸ਼ਿਆਂ ਦੁਆਰਾ ਨਿਰਮਿਤ ਹੋਣ ।

ਜਿੱਥੇ ਤੱਕ ਇਸ ਬਾਰੇ ਭਵਿੱਖਵਾਣੀ ਦਾ ਪ੍ਰਸ਼ਨ ਹੈ ਕਿ ਕੀ ਅੱਡ ਅੱਡ ਸਮੂਹਾਂ ਦਾ ਸਮੂਹ – ਅਹੰਵਾਦ ਉਤਰੀ ਅਮਰੀਕੀ ਰਾਜਨੀਤਕ ਜੀਵਨ ਦਾ ਸਥਾਈ ਚਰਿੱਤਰ ਬਣ ਜਾਵੇਗਾ , ਮੈਂ ਇਸ ਬਾਰੇ ਵਿੱਚ ਤਿੰਨ ਗੱਲਾਂ ਸੰਖੇਪ ਵਿੱਚ ਕਹਿਣਾ ਚਾਹਾਂਗਾ । ਪਹਿਲੀ , ਹੋਰ ਬਹੁਤ ਸਾਰੀਆਂ ਉਤਰੀ ਅਮਰੀਕੀ ਚੀਜਾਂ ਦੇ ਸਮਾਨ ਹੀ ਉਤਰੀ ਅਮਰੀਕੀ ਕਿਸਮ ਦੀ ਰਾਜਨੀਤੀ ਵੀ ਵਿਸ਼ਵੀ ਹੁੰਦੀ ਜਾ ਰਹੀ ਹੈ । ਸਚਮੁੱਚ ਕੁੱਝ ਇਤਾਲਵੀ ਕਮਿਉਨਿਸਟ ਅਤੇ ਸਮਾਜਵਾਦੀ ਨਾਰੀਵਾਦੀ ਯੂਰਪੀ ਰਾਜਨੀਤੀ ਦੇ ਇਸ ਅਮਰੀਕੀਕਰਨ ਦੇ ਖਤਰੇ ਬਾਰੇ 1970 ਦੇ ਦਹਾਕੇ ਵਿੱਚ ਹੀ ਸੁਚੇਤ ਕਰ ਰਹੇ ਸਨ । ਦੂਜੀ ਗੱਲ ਜੋ ਪਹਿਲੀ ਨਾਲ ਕਾਫ਼ੀ ਜੁੜੀ ਹੋਈ ਹੈ , ਇਹ ਹੈ ਕਿ ਪਿੱਛਲੀ ਅੱਧੀ ਸਦੀ ਦਾ ਅਨੁਭਵ ਇਹ ਦੱਸਦਾ ਹੈ ਕਿ ਅਮਰੀਕੀ ਕ੍ਰਾਂਤੀਕਾਰੀ ਬੁੱਧੀਜੀਵੀ ਆਪਣੇ ਦੇਸ਼ ਦੀ ਹਾਲਤ ਦੀ ਤੁਲਣਾ ਵਿੱਚ ਵਿਸ਼ਵੀ ਹਾਲਤ ਦੇ ਪ੍ਰਤੀ ਜਿਆਦਾ ਤੀਬਰ ਪ੍ਰਤੀਕਿਰਿਆ ਕਰਦੇ ਹਨ । ਦੂਜੇ ਸ਼ਬਦਾਂ ਵਿੱਚ ਉਸ ਬੁੱਧੀਜੀਵੀ ਜਮਾਤ ਦੀ ਉਪਰਲੀ ਪਰਤ ਰਾਸ਼ਟਰੀ ਕਾਰਜ ਦੇ ਬਨਿਸਬਤ ਵਿਸ਼ਵਨਗਰੀ ਪ੍ਰਕਾਰਜ ਦਾ ਨਿਭਾ ਜਿਆਦਾ ਤਤਪਰਤਾ ਨਾਲ ਕਰਦੀ ਹੈ । ਕੁਦਰਤੀ ਹੈ ਕਿ ਇਹ ਗੱਲ ਇਸ ਤੱਥ ਨਾਲ ਮੇਲ ਖਾਂਦੀ ਹੈ ਕਿ ਸੰਯੁਕਤ ਰਾਜ ਆਪਣੀ ਬਹੁਤ ਵੱਡੀ ਰਾਸ਼ਟਰੀ ਆਮ ਯੋਗਤਾ ਦੇ ਬਾਵਜੂਦ ਓਨੀ ਹੀ ਵੱਡੀ ਵਿਸ਼ਵ ਸ਼ਕਤੀ ਹੈ ਅਤੇ ਇਹ ਉਸ ਵਾਸਤਵਿਕ ਮੂੜ੍ਹਤਾ ਨੂੰ ਵੀ ਦਰਸਾਉਂਦੀ ਹੈ ਜੋ ਇਸ ਤੱਥ ਤੋਂ ਪੈਦਾ ਹੁੰਦੀ ਹੈ ਕਿ ਉਹ ਦੁਨੀਆਂ ਦੇ ਸਭ ਤੋਂ ਵੱਡੇ ਸਾਮਰਾਜਵਾਦੀ ਦੇਸ਼ ਦੇ ਨਾਗਰਿਕ ਹਨ; ਆਪਣੇ ਦੇਸ਼ ਦੀਆਂ ਸੀਮਾਵਾਂ ਦੇ ਅੰਦਰ ਆਪਣੇ ਸਾਥੀ – ਨਾਗਰਿਕਾਂ ਦੇ ਪ੍ਰਤੀ ਨਹੀਂ ਸਗੋਂ ਇਸ ਅਮਰੀਕੀ ਸਦੀ ਵਿੱਚ ਇਸ ਭੂਮੰਡਲ ਦੇ ਸਹਿ – ਨਿਵਾਸੀਆਂ ਦੇ ਪ੍ਰਤੀ ਸਮਰਥਨ ਵਿਖਾਉਣ ਵਿੱਚ ਉਨ੍ਹਾਂ ਦੀ ਬਹੁਤ ਵੱਡੀ ਊਰਜਾ ਲੱਗਦੀ ਹੈ । ਤੁਹਾਡੇ ਪ੍ਰਸ਼ਨ ਦੇ ਸੰਦਰਭ ਵਿੱਚ ਇਨ੍ਹਾਂ ਸਭ ਗੱਲਾਂ ਦਾ ਮਨਸ਼ਾ ਇਹ ਹੈ ਕਿ ਜੇਕਰ ਇਸ ਭੂਮੰਡਲ ਦੇ ਹੋਰ ਕਿਸੇ ਸਥਾਨ ਤੇ ਜਨਤਕ ਅੰਦੋਲਨ ਹੋਵੇ ਤਾਂ ਸੰਭਵ ਹੈ ਕਿ ਇਸ ਉਤਰ ਅਮਰੀਕੀ ਬੁੱਧੀਜੀਵੀ ਅੰਸ਼ ਦੀ ਪ੍ਰਤੀਕਿਰਆ ਸਕਾਰਾਤਮਕ ਹੋਵੇਗੀ । ਤੁਸੀਂ ਚਾਹੋ ਤਾਂ ਇਸਨੂੰ ਪਰਜੀਵੀਵਾਦ ਕਹਿ ਸਕਦੇ ਹਾਂ ਐਪਰ ਵਿਸ਼ਵ ਰਾਜਨੀਤੀ ਵਿੱਚ ਇਸ ਪ੍ਰਕਾਰ ਦੇ ਪਰਜੀਵੀਵਾਦ ਦੇ ਵੀ ਸਕਾਰਾਤਮਕ ਕਾਰਜ ਹਨ ਅਤੇ ਸਾਨੂੰ ਉਨ੍ਹਾਂ ਸਭਨਾਂ ਦੇ ਪ੍ਰਤੀ ਸਨਮਾਨ ਜ਼ਾਹਰ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਅੰਤਰਰਾਸ਼ਟਰੀ ਇੱਕਜੁਟਤਾਵਾਂ ਲਈ ਆਪਣੇ ਜੀਵਨ ਦਾ ਬਹੁਤ ਕੁੱਝ ਨਿਛਾਵਰ ਕੀਤਾ ਹੈ ।

ਐਪਰ ਜੋ ਹੋਰ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਉਹ ਥੋੜ੍ਹਾ ਜਿਆਦਾ ਅਸਪਸ਼ਟ ਹੈ । ਭਵਿੱਖ ਬਾਰੇ ਗੱਲਾਂ ਕਰਨ ਵਿੱਚ ਕਠਿਨਾਈ ਇਹ ਹੈ ਕਿ ਇਤਿਹਾਸਿਕ ਤਬਦੀਲੀ ਦੀ ਅਤਿ ਹੌਲੀ ਰਫ਼ਤਾਰ ਦੀ ਤੁਲਣਾ ਵਿੱਚ ਸਭ ਤੋਂ ਲੰਮੀ ਉਮਰ ਵਾਲੇ

ਵਿਅਕਤੀ ਦਾ ਜੀਵਨਕਾਲ ਵੀ ਦੁਰਭਾਗਵਸ਼ ਬਹੁਤ ਛੋਟਾ ਹੁੰਦਾ ਹੈ । ਮੇਰੇ ਆਪਣੇ ਜੀਵਨਕਾਲ ਵਿੱਚ ਹੀ ਇਤਹਾਸ ਨੇ ਤਿੰਨ ਬਹੁਤ ਛੋਟੀਆਂ – ਛੋਟੀਆਂ ਕਰਵਟਾਂ ਲਈਆਂ ਹਨ : ਜਦੋਂ ਮੈਂ ਬਚਪਨ ਤੋਂ ਜਵਾਨੀ ਦੇ ਵੱਲ ਵੱਧ ਰਿਹਾ ਸੀ ਤਾਂ ਬਹੁਤੇ ਥਾਈਂ ਬਸਤੀਵਾਦੀ ਸ਼ਾਸਨ ਦਾ ਅੰਤ ਹੋਇਆ ; ਜਦੋਂ ਮੈਂ ਜਵਾਨ ਸੀ ਤਾਂ 1968 ਦੇ ਛਦਮ ਕ੍ਰਾਂਤੀਵਾਦੀ ਅੰਦੋਲਨ ਹੋਏ । ਜਦੋਂ ਮੈਂ ਅਧਖੜ ਉਮਰ ਦਾ ਹੋਇਆ ਤਾਂ 1989 ਦੀਆਂ ਪੁਨਰਸਥਾਪਨਾਵਾਂ ਹੋਈਆਂ । ਮੈਨੂੰ ਸ਼ੱਕ ਹੈ ਕਿ ਮੇਰੇ ਜੀਵਨਕਾਲ ਵਿੱਚ ਸਮਾਨ ਤੀਬਰਤਾ ਵਾਲੀ ਕੋਈ ਹੋਰ ਇਤਿਹਾਸਿਕ ਤਬਦੀਲੀ ਹੋਵੇਗੀ । ਇਤਿਹਾਸਿਕ ਤਬਦੀਲੀ ਦੀ ਇਸ ਹੌਲੀ ਰਫਤਾਰ ਨੂੰ ਵੇਖਦੇ ਹੋਏ ਅਲਪਕਾਲ ਵਿੱਚ ਭਵਿੱਖ ਬਾਰੇ ਪੂਰਵ ਅਨੁਮਾਨ ਕਰਨਾ ਮੇਰੇ ਲਈ ਬੇਵਕੂਫ਼ੀ ਹੋਵੇਗੀ । ਹੋਰ ਸ਼ਬਦਾਂ ਵਿੱਚ ਕਹੀਏ ਤਾਂ ਕਿਉਂਕਿ ਇਤਹਾਸ ਦੀ ਰਫ਼ਤਾਰ ਇੰਨੀ ਹੌਲੀ ਹੈ ਕਿ ਦਰਅਸਲ ਇਹ ਬੱਚੇ ਹੀ ਹਨ ਜੋ ਇਤਹਾਸ ਦਾ ਨਿਰਮਾਣ ਕਰਦੇ ਹਨ ਨਾ ਕਿ ਮਾਤਾ – ਪਿਤਾ ।

( ਸਲੋਵੇਨੀਆਈ ਸੰਪਾਦਕ ਇਰੀਕ ਰਿਪੋਜ ਅਤੇ ਨਿਕੋਲਾਈ ਜੇਫਸ ਦੁਆਰਾ ਪ੍ਰਸਿੱਧ ਮਾਰਕਸਵਾਦੀ ਏਜਾਜ ਅਹਿਮਦ ਦੀ ਇੰਟਰਵਿਊ )